Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 163 | Thursday, August 19, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੋਵਿਡ-19 ਆਊਟਬ੍ਰੇਕ ਦੇ ਡਰ ਤੋਂ ਮਿਸੀਸਾਗਾ ਦਾ ਰੈਸਟੋਰੈਂਟ ਕੀਤਾ ਗਿਆ ਬੰਦ



ਮਿਸੀਸਾਗਾ, 18 ਅਗਸਤ (ਪੋਸਟ ਬਿਊਰੋ) : ਪੀਲ ਪਬਲਿਕ ਹੈਲਥ ਵੱਲੋਂ ਰੈਸਟੋਰੈਂਟ ਐਂਡ ਕੰਪਨੀ ਰੈਸਟੋ ਬਾਰ ਦੇ ਸਰਪ੍ਰਸਤਾਂ ਨੂੰ ਪਿਛਲੇ ਦੋ ਵੀਕੈਂਡਸ ਉੱਤੇ ਕੋਵਿਡ-19 ਆਊਟਬ੍ਰੇਕ ਹੋਣ ਬਾਰੇ ਜਾਣਕਾਰੀ ਦਿੱਤੀ ਗਈ।

ਸਟਾਫ ਸਮੇਤ ਜੋ ਕੋਈ ਵੀ ਰੈਸਟੋਰੈਂਟ ਵਿੱਚ 6 ਤੋਂ 8 ਅਤੇ 13 ਤੋਂ 15 ਅਗਸਤ ਨੂੰ ਗਿਆ, ਉਸ ਨੂੰ ਫੌਰੀ ਤੌਰ ਉੱਤੇ ਪੀਲ ਪਬਲਿਕ ਹੈਲਥ ਵੱਲੋਂ ਆਪਣਾ ਕੋਵਿਡ-19 ਸਬੰਧੀ ਟੈਸਟ ਕਰਵਾਉਣ ਲਈ ਆਖਿਆ ਗਿਆ ਹੈ। ਜਿਨ੍ਹਾਂ ਨੇ ਆਪਣੀ ਪੂਰੀ ਵੈਕਸੀਨੇਸ਼ਨ ਕਰਵਾਈ ਹੋਈ ਹੈ ਉਨ੍ਹਾਂ ਨੂੰ ਵੀ ਇਹ ਟੈਸਟ ਕਰਵਾਉਣ ਲਈ ਆਖਿਆ ਗਿਆ ਹੈ। ਪਬਲਿਕ ਹੈਲਥ ਦੇ ਨਿਰਦੇਸ਼ਾਂ ਤੋਂ ਬਾਅਦ ਇਸ ਰੈਸਟੋਰੈਂਟ ਨੂੰ ਹਾਲ ਦੀ ਘੜੀ ਬੰਦ ਕਰ ਦਿੱਤਾ ਗਿਆ ਹੈ।ਪੀਲ ਰੀਜਨ ਤੋਂ ਬਾਹਰ ਰਹਿਣ ਵਾਲਿਆਂ ਨੂੰ ਟੈਸਟ ਕਰਵਾਉਣ ਸਬੰਧੀ ਬਦਲਾਂ ਲਈ ਆਪਣੀ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

## ਸਤੰਬਰ ਵਿੱਚ ਕੋਵਿਡ-19 ਵੈਕਸੀਨ ਦੇ ਬੂਸਟਰ ਸ਼ੌਟਸ ਉਪਲਬਧ ਕਰਾਵੇਗਾ ਅਮਰੀਕਾ



ਵਾਸ਼ਿੰਗਟਨ, 18 ਅਗਸਤ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੇ ਬੂਸਟਰ ਸ਼ੌਟਸ 20 ਸਤੰਬਰ ਤੋਂ ਅਮੈਰੀਕਨਜ਼ ਲਈ ਉਪਲਬਧ ਕਰਵਾਏ ਜਾਣਗੇ। ਇਹ ਜਾਣਕਾਰੀ ਅਮਰੀਕੀ ਅਧਿਕਾਰੀਆਂ ਨੇ ਬੁੱਧਵਾਰ ਨੂੰ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡੈਲਟਾ ਵੇਰੀਐਂਟ ਕਾਰਨ ਇਨਫੈਕਸ਼ਨ ਵਿੱਚ ਆਈ ਤੇਜ਼ੀ ਤੇ ਪਹਿਲਾਂ ਕੀਤੀ ਗਈ ਵੈਕਸੀਨੇਸ਼ਨ ਤੋਂ ਮਿਲਣ ਵਾਲੀ ਸੁਰੱਖਿਆ ਘਟ ਜਾਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਹੈਲਥ ਐਂਡ ਹਿਊਮਨ ਸਰਵਿਸਿਜ਼ ਡਿਪਾਰਟਮੈਂਟ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਘੱਟੋ ਘੱਟ ਅੱਠ ਮਹੀਨੇ ਪਹਿਲਾਂ ਮੌਡਰਨਾ ਅਤੇ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀਆਂ ਦੋ ਡੋਜ਼ਾਂ ਲਵਾ ਚੁੱਕੇ ਅਮੈਰੀਕਨਜ਼ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ ਤੀਜਾ ਸ਼ੌਟ ਦੇਣ ਦੀ ਪੇਸ਼ਕਸ਼ ਕੀਤੀ ਜਾਵੇਗੀ।ਵਾਈਟ ਹਾਊਸ ਦੇ ਕਰੋਨਾਵ-ਾਇਰਸ ਰਿਸਪਾਂਸ ਕੋਆਰਡੀਨੇਟਰ ਜੈੱਫ ਜਿਐਂਟਸ ਨੇ ਦੱਸਿਆ ਕਿ ਅਮਰੀਕੀ ਸਰਕਾਰ ਵੱਲੋਂ ਦੇਸ਼ ਭਰ ਵਿੱਚ 80,000 ਦੇ ਨੇੜੇ ਤੇੜੇ ਥਾਂਵਾਂ ਉੱਤੇ 100 ਮਿਲੀਅਨ ਬੂਸਟਰ ਸ਼ੌਟਸ ਮੁਫਤ ਵਿੱਚ ਦੇਣ ਦੀ ਸੰਭਾਵਨਾ ਹੈ।

ਸ਼ੁਰੂਆਤ ਵਿੱਚ ਬੂਸਟਰ ਡੋਜ਼ਾਂ ਉਨ੍ਹਾਂ ਅਮੈਰੀਕਨਜ਼ ਨੂੰ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਵੈਕਸੀਨ ਦੀਆਂ ਦੋ ਡੋਜ਼ਾਂ ਪਹਿਲਾਂ ਹੀ ਹਾਸਲ ਹੋ ਚੁੱਕੀਆਂ ਹਨ, ਪਰ ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਜਿਨ੍ਹਾਂ ਵਿਅਕਤੀਆਂ ਨੂੰ ਜੌਹਨਸਨ ਐਂਡ ਜੌਹਨਸਨ ਦੀ ਸਿੰਗਲ ਡੋਜ਼ ਲੱਗੀ ਹੋਵੇਗੀ ਉਨ੍ਹਾਂ ਨੂੰ ਵੀ ਬੂਸਟਰ ਦੀ ਲੋੜ ਪਵੇਗੀ। ਜੌਹਨਸਨ ਐਂਡ ਜੌਹਨਸਨ ਨੂੰ ਅਮਰੀਕਾ ਵਿੱਚ ਫਰਵਰੀ ਵਿੱਚ ਵੈਕਸੀਨੇਸ਼ਨ ਲਈ ਇਜਾਜ਼ਤ ਦਿੱਤੀ ਗਈ ਸੀ। ਅਧਿਕਾਰੀਆਂ ਨੇ ਆਖਿਆ ਕਿ ਇਹ ਬੂਸਟਰ ਸ਼ੌਟਸ ਸੱਭ ਤੋਂ ਪਹਿਲਾਂ ਹੈਲਥ ਕੇਅਰ ਵਰਕਰਜ਼, ਨਰਸਿੰਗ ਹੋਮ ਰੈਜ਼ੀਡੈਂਟਸ ਤੇ ਬਜ਼ੁਰਗਾਂ ਨੂੰ ਲਾਏ ਜਾਣਗੇ। ਇਹ ਉਹ ਲੋਕ ਹਨ ਜਿਨ੍ਹਾਂ ਨੂੰ 2020 ਦੇ ਅਖੀਰ ਵਿੱਚ ਤੇ 2021 ਦੇ ਸ਼ੁਰੂ ਵਿੱਚ ਵੈਕਸੀਨੇਟ ਕੀਤਾ ਗਿਆ ਸੀ।

# ਸਾਬਕਾ ਡੀ ਜੀ ਪੀ ਸੁਮੇਧ ਸੈਣੀ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ





ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬੁੱਧਵਾਰ ਦੇਰ ਸ਼ਾਮ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀ ਜੀ ਪੀ) ਸੁਮੇਧ ਸਿੰਘ ਸੈਣੀ ਨੂੰ ਭ੍ਰਿਸ਼ਟਾਚਾਰ ਅਤੇ ਇੱਕ ਹੋਰ ਸ਼ਿਕਾਇਤ ਦੇ ਸੰਬੰਧ ਵਿੱਚ, ਜਿਸਬਾਰੇ ਸਮਗਰੀ ਦਾ ਅਜੇ ਖੁਲਾਸਾ ਨਹੀਂ ਕੀਤਾ ਗਿਆ, ਗ੍ਰਿਫਤਾਰ ਕਰ ਲਿਆ ਹੈ।

ਇਸ ਸੰਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਸੁਮੇਧ ਸਿੰਘ ਸੈਣੀ ਖੁਦ ਰਾਤ 8 ਵਜੇ ਵਿਜੀਲੈਂਸ ਬਿਊਰੋ ਦੇ ਦਫ਼ਤਰ ਪਹੁੰਚੇ ਤੇ ਕਿਹਾ ਕਿ ਉਹ ਆਪਣੇ ਵਿਰੁੱਧਦਰਜ ਹੋਏ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਅਧਿਕਾਰੀ ਨੇ ਕਿਹਾ ਕਿ ਬਾਅਦ ਵਿੱਚ ਪੁੱਛਗਿੱਛ ਦੌਰਾਨ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ 'ਸੈਣੀ ਦੀ ਗ੍ਰਿਫਤਾਰੀ ਤੋਂ ਬਾਅਦ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ। ਇਸ ਨਾਲ ਸਬੰਧਿਤ ਵੇਰਵੇ ਬਾਅਦ ਵਿੱਚ ਸ਼ੇਅਰ ਕੀਤੇ ਜਾ ਸਕਦੇ ਹਨ।'

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੁਮੇਧ ਸਿੰਘ ਸੈਣੀ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਸੀ ਕਿ ਵਿਜੀਲੈਂਸ ਬਿਊਰੋ ਨੂੰ ਉਨ੍ਹਾਂ ਦੇ ਵਿਰੁੱਧ ਨਵੀਆਂ ਧਾਰਾਵਾਂ ਹੇਠ ਕਾਰਵਾਈ ਕਰਨ ਤੋਂ ਰੋਕਿਆ ਜਾਵੇ, ਪਰ ਹਾਈ ਕੋਰਟ ਨੇ ਅੱਗੋਂ ਉਨ੍ਹਾਂ ਨੂੰ ਝਾੜ ਪਾ ਦਿੱਤੀ ਸੀ; ਜਿਸ ਕਾਰਨ ਸੈਣੀ ਨੂੰ ਆਪਣੀ ਅਰਜ਼ੀ ਵਾਪਸ ਲੈਣੀ ਪੈ ਗਈ ਸੀ।ਹਾਈ ਕੋਰਟ ਨੇ ਸੁਮੇਧ ਸਿੰਘ ਸੈਣੀ ਨੂੰ ਇਸ ਲਈ ਝਾੜ ਪਾਈ ਕਿ ਉਹ ਵਿਜੀਲੈਂਸ ਨੂੰ ਆਪਣੇ ਵਿਰੁੱਧਚੱਲਦੀ ਕਾਰਵਾਈ ਤੋਂ ਰੋਕਣਾ ਚਾਹੁੰਦੇ ਸਨ। ਉਹ ਇਸ ਤੋਂ ਦੁਖੀ ਸਨ ਕਿ ਵਿਜੀਲੈਂਸ ਨੇ ਉਨ੍ਹਾਂ ਨੂੰ ਦੱਸੇ ਬਿਨਾ ਨਵੀਆਂ ਧਾਰਾਵਾਂ ਹੇਠ ਉਨ੍ਹਾਂ ਵਿਰੁੱਧਇੱਕ ਨਵਾਂ ਕੇਸ ਦਰਜ ਕਰ ਲਿਆ ਹੈ। ਅਸਲ ਵਿੱਚ ਸੁਮੇਧ ਸਿੰਘ ਸੈਣੀ ਨੂੰ ਹਾਈ ਕੋਰਟ ਨੇ ਜ਼ਮਾਨਤ ਭਾਵੇਂ ਦੇ ਦਿੱਤੀ, ਪਰ ਉਦੋਂ ਧਾਰਾਵਾਂ ਹੋਰ ਸਨ ਅਤੇ ਅੱਜਵਿਜੀਲੈਂਸ ਨੇ ਧਾਰਾਵਾਂ ਬਦਲ ਕੇ ਸੈਣੀ ਦੀ ਗ੍ਰਿਫ਼ਤਾਰੀ ਕਰ ਲਈ ਹੈ। ...ਬਾਕੀ ਪੰਨਾ 4 'ਤੇ

## ਇਸ ਸਤੰਬਰ ਸਕੂਲਾਂ ਲਈ ਸਖ਼ਤ ਹੈਲਥ ਤੇ ਸੇਫਟੀ ਪ੍ਰੋਟੋਕਾਲ ਲਾਗੂ ਕਰੇਗਾ ਟੀ ਡੀ ਐਸ ਬੀ



ਟੋਰਾਂਟੋ,18 ਅਗਸਤ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਇਸ ਸਕੂਲ ਵਰ੍ਹੇ ਦੌਰਾਨ ਵਿਦਿਆਰਥੀਆਂ ਦਾ ਇਨ-ਪਰਸਨ ਤੌਰ ਉੱਤੇ ਸਵਾਗਤ ਕਰਨ ਲਈ ਤਿਆਰ ਹੈ। 12 ਅਗਸਤ ਤੱਕ ਰਜਿਸਟਰ ਕਰਵਾਉਣ ਵਾਲੇ 86 ਫੀ ਸਦੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਸ ਸਾਲ ਸਤੰਬਰ ਵਿੱਚ ਜਦੋਂ ਸਕੂਲ ਵਰ੍ਹਾ ਸ਼ੁਰੂ ਹੋਵੇਗਾ ਤਾਂ ਉਹ ਇਨ-ਪਰਸਨ ਕਲਾਸਾਂ ਲਾਉਣੀਆਂ ਚਾਹੁੰਦੇ ਹਨ। ਕਲਾਸਾਂ ਵਿੱਚ ਵਿਦਿਆਰਥੀਆਂ ਦੀ ਸੇਫਟੀ ਯਕੀਨੀ ਬਣਾਉਣ ਲਈ, ਦੇਸ਼ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਨੇ ਆਪਣੀਆਂ ਹੈਲਥ ਤੇ ਸੇਫਟੀ ਪ੍ਰੋਟੋਕਾਲਜ਼ ਨੂੰ ਅਪਡੇਟ ਵੀ ਕੀਤਾ ਹੈ।

ਇਹ ਨਵੀਆਂ ਪ੍ਰੋਟੋਕਾਲਜ਼ ਉਨ੍ਹਾਂ ਨਾਲੋਂ ਜ਼ਿਆਦਾ ਸਖ਼ਤ ਹੋਣਗੀਆਂ ਜਿਨ੍ਹਾਂ ਦੀ ਪ੍ਰੋਵਿੰਸ ਵੱਲੋਂ ਪਹਿਲਾਂ ਸਿਫਾਰਿਸ਼ ਕੀਤੀ ਗਈ ਸੀ। ਇਨ੍ਹਾਂ ਤਹਿਤ ਐਲੀਮੈਂਟਰੀ ਵਿਦਿਆਰਥੀਆਂ ਨੂੰ ਆਪਣਾ ਲੰਚ ਆਪਣੀਆਂ ਕਲਾਸਾਂ ਵਿੱਚ ਹੀ ਖਾਣਾ ਹੋਵੇਗਾ, ਰਿਸੈੱਸ ਤੇ ਆਊਟਡਰ ਬ੍ਰੇਕਸ ਲਈ ਖਾਸ ਸਮੂਹ ਵਿੱਚ ਹੀ ਰਹਿਣਾ ਹੋਵੇਗਾ। ਅਸੈਂਬਲੀਜ਼ ਅੰਦਰ ਨਹੀਂ ਕੀਤੀਆਂ ਜਾ ਸਕਣਗੀਆਂ ਜਦੋਂ ਤੱਕ ਉਹ ਵਰਚੂਅਲ ਨਹੀਂ ਹੁੰਦੀਆਂ। ਮਿਊਜ਼ਿਕ ਕਲਾਸ ਲਈ, ਵਿਦਿਆਰਥੀਆਂ ਨੂੰ ਗਾਉਣ ਦੀ ਇਜਾਜ਼ਤ ਹੋਵੇਗੀ ਪਰ ਉਨ੍ਹਾਂ ਦੇ ਮਾਸਕ ਲਾਏ ਹੋਣੇ ਚਾਹੀਦੇ ਹਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

SUPER VISA INSURANCE EXPERTS
Punjab Insurance Inc
For Best Service & Expert Advice
DISABILITY INSURANCE
VISITOR INSURANCE
TRAVEL INSURANCE
LIFE INSURANCE
RESP (EDUCATION PLAN)
CRITICAL ILLNESS INSURANCE
MORTGAGE INSURANCE ETC.
416-724-5000
RANJIT GILL

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਰਿਵਰਸਟੋਨ ਆਈ ਕੇਅਰ ਵਿੱਚ ਮੁਹੱਈਆ ਕਰਵਾਈ ਜਾਂਦੀ ਹੈ ਅੱਖਾਂ ਦੀ ਮੁਕੰਮਲ ਦੇਖਭਾਲ, 26 ਅਗਸਤ ਨੂੰ ਗ੍ਰਾਂਡ ਓਪਨਿੰਗ

ਬਰੈਂਪਟਨ, 18 ਅਗਸਤ (ਪੋਸਟ ਬਿਊਰੋ) : ਰਿਵਰਸਟੋਨ ਆਈ ਕੇਅਰ ਦੀ ਗ੍ਰੈਂਡ ਓਪਨਿੰਗ ਉੱਤੇ 26 ਅਗਸਤ ਨੂੰ ਦੁਪਹਿਰ ਦੇ 4:00 ਵਜੇ ਤੋਂ ਲੈ ਕੇ ਰਾਤ ਦੇ 7:00 ਵਜੇ ਤੱਕ ਭਾਰੀ ਸੇਲ ਲਾਈ ਜਾ ਰਹੀ ਹੈ।

ਹਰ ਕਿਸਮ ਦੇ ਡਿਜ਼ਾਈਨਰ ਫਰੇਮਜ਼ ਉੱਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ ਤੇ ਇੱਥੇ ਮੋਆਈ ਜਿੰਮ ਦੇ ਸਾਰੇ ਸਨਗਲਾਸਿਜ਼ ਵੀ ਡਿਸਪਲੇਅ ਕੀਤੇ ਜਾਣਗੇ।ਫਰੇਮਜ਼ ਦੀ ਭਾਰੀ ਕੁਲੈਕਸ਼ਨ ਵਿੱਚੋਂ ਤੁਸੀਂ ਆਪਣੀ ਪਸੰਦ ਦਾ ਫਰੇਮ ਚੁਣ ਸਕਦੇ ਹੋਂ।

ਇਸ ਤੋਂ ਇਲਾਵਾ ਲੱਕੀ ਡਰਾਅ ਵੀ ਕੱਢਿਆ ਜਾਵੇਗਾ ਤੇ ਇਸ ਦੇ ਨਾਲ ਹੀ ਕਈ ਮੁਫਤ ਇਨਾਮ ਵੀ ਦਿੱਤੇ ਜਾਣਗੇ। ਇੱਥੇ ਪਹੁੰਚਣ ਵਾਲੇ ਪਹਿਲੇ 15 ਵਿਅਕਤੀਆਂ ਨੂੰ ਮੁਫਤ ਪ੍ਰਾਈਜ਼ ਦਿੱਤੇ ਜਾਣਗੇ।ਅੱਖਾਂ ਦੀ ਜਾਂਚ ਲਈ ਡਾ. ਗਿੱਲ ਆਪ ਮੌਜੂਦ ਰਹਿਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਰਿਵਰਸਟੋਨ ਆਈ ਕੇਅਰ ਵਿਖੇ ਅੱਖਾਂ ਨਾਲ ਸਬੰਧਤ ਹਰ ਕਿਸਮ ਦੀਆਂ ਸਮੱਸਿਆਵਾਂ ਦਾ ਹੱਲ ਮੁਹੱਈਆ ਕਰਵਾਇਆ ਜਾਂਦਾ ਹੈ। ਇੱਥੇ ਹਫਤੇ ਵਿੱਚ ਛੇ ਦਿਨਾਂ ਲਈ ਫੁੱਲ ਟਾਈਮ ਡਾਕਟਰ ਵੀ ਉਪਲਬਧ ਹੈ।


ਡਾ. ਹਰਪ੍ਰੀਤ ਗਿੱਲ


ਡਾ. ਪਰਮਵੀਰ ਗਿੱਲ

ਅੱਖਾਂ ਦੀ ਮੁਕੰਮਲ ਜਾਂਚ ਦੇ ਨਾਲ ਨਾਲ ਡਾਇਗਨੌਸਟਿਕ ਇਮੇਜਿੰਗ ਤੇ ਟੈਸਟਿੰਗ ਅਤੇ ਗਲਾਕੋਮਾ ਵਰਗੇ ਅੱਖਾਂ ਦੇ ਰੋਗ ਦੀ ਜਾਂਚ ਤੇ ਇਲਾਜ ਵੀ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨੂੰ ਡਾਇਰੈਕਟ ਬਿਲਿੰਗ ਕੀਤੀ ਜਾਂਦੀ ਹੈ। ਮੌਕੇ ਉੱਤੇ ਹੀ ਅੱਖਾਂ ਦੀ ਵਿਸ਼ੇਸ਼ ਜਾਂਚ ਵੀ ਕੀਤੀ ਜਾਂਦੀ ਹੈ।ਇੱਥੇ ਹਰ ਕਿਸਮ ਦੇ ਉਮਦਾ ਲੈਂਸ ਤੇ ਕਸਟਮ ਫਰੇਮਜ਼ ਵੀ ਉਪਲਬਧ ਹਨ।


ਸੱਭ ਤੋਂ ਵਧੀਆ ਗੱਲ ਇਹ ਹੈ ਕਿ ਇੱਥੇ 20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉੱਤੇ ਬਜ਼ੁਰਗਾਂ ਤੇ ਡਾਇਬਟਿਕ ਮਰੀਜ਼ਾਂ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ। ਡਾ. ਪਰਮਵੀਰ ਗਿੱਲ ਤੇ ਡਾ. ਹਰਪ੍ਰੀਤ ਗਿੱਲ ਵੱਲੋਂ ਇਹ ਸਾਰੀਆਂ ਸਹੂਲਤਾਂ 25 ਚੈਰੀਕ੍ਰੈਸਟ ਡਰਾਈਵ, ਯੂਨਿਟ 4, ਬਰੈਂਪਟਨ, ਓਨਟਾਰੀਓ, ਐਲ6ਪੀ 3ਡਬਲਿਊ4 ਉੱਤੇ ਤੁਹਾਡੇ ਗੁਆਂਢ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਨ੍ਹਾਂ ਸਹੂਲਤਾਂ ਦਾ ਫਾਇਦਾ ਉਠਾਉਣ ਲਈ ਤੁਸੀਂ 905-915-9255 ਉੱਤੇ ਕਾਲ ਕਰਕੇ ਆਪਣੀ ਅਪੁਆਇੰਟਮੈਂਟ ਅੱਜ ਹੀ ਬੁੱਕ ਕਰਵਾ ਸਕਦੇ ਹੋਂ ਤੇ ਇਸ ਲਈ ਰਿਵਰਸਟੋਨ ਆਈ ਕੇਅਰ ਦੀ ਵੈੱਬਸਾਈਟ www.riverstoneeyecare.com ਉੱਤੇ ਵੀ ਜਾ ਸਕਦੇ ਹੋਂ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਦੀ 100 ਦਿਨਾਂ ਯਾਤਰਾ ਸ਼ੁਰੂ

## * ਸਰਕਾਰ ਬਣਨ ਉੱਤੇ 13 ਨੁਕਾਤੀ ਏਜੰਡਾ ਲਾਗੂ ਕਰਨ ਦਾ ਵਾਅਦਾ

ਫ਼ਿਰੋਜ਼ਪੁਰ, 18 ਅਗਸਤ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਬੁੱਧਵਾਰ ਨੂੰ ਆਪਣੀ ਪਾਰਟੀ ਵੱਲੋਂ 100 ਹਲਕੇ 100 ਦਿਨ ਮੁਹਿੰਮ ਸ਼ੁਰੂ ਕੀਤੀ ਹੈ।

ਅੱਜ ਜ਼ੀਰਾ ਵਿਧਾਨ ਸਭਾ ਹਲਕੇ ਤੋਂ ਮੁਹਿੰਮ ਸ਼ੁਰੂ ਕਰਦੇ ਵਕਤ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਅਕਾਲੀ ਦਲ ਉਸੇ ਤਰ੍ਹਾਂ 13 ਨੁਕਾਤੀ ਏਜੰਡਾ ਲਾਗੂ ਕਰੇਗਾ, ਜਿਵੇਂ ਪਾਰਟੀ ਨੇ ਲੋਕਾਂ ਨਾਲ ਕੀਤੇ ਹੋਏ ਵਾਅਦੇ ਪਹਿਲਾਂ ਪੂਰੇ ਕੀਤੇ ਹਨ। ਇਸ ਮੌਕੇ ਅਕਾਲੀ ਦਲ ਵੱਲੋਂ ਮੋਟਰਸਾਈਕਲ ਰੈਲੀ ਨੂੰ ਸੁਖਬੀਰ ਸਿੰਘ ਬਾਦਲ ਨੇ ਹਰੀ ਝੰਡੀ ਵਿਖਾਈ। ਇਸਮਗਰੋਂਉਨ੍ਹਾਂ ਨੇ ਵੱਡੇ ਇਕੱਠ ਵਿੱਚ ਬੋਲਦਿਆਂ ਕਿਹਾ ਕਿ ਅਕਾਲੀ ਦਲ ਪੰਜਾਬ ਦਾ ਭਲਾ ਚਾਹੁੰਦੀ ਇੱਕੋ ਪਾਰਟੀ ਹੈ, ਬਾਕੀ ਤਿੰਨੇ ਪਾਰਟੀਆਂ ਬਾਹਰੀ ਹਨ ਤੇ ਲੁੱਟਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੁਹਾਡੇ ਬਜ਼ੁਰਗਾਂ ਦੀ ਬਣਾਈ ਅਤੇਸੌ ਸਾਲ ਪੁਰਾਣੀ ਪਾਰਟੀਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਣੀ ਤੋਂ ਵਿਦਿਆਰਥੀਆਂ ਦੀ ਪੜ੍ਹਾਈ ਮੁਫਤ ਹੋਵੇਗੀ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਜਿਹੜੀ ਸਕਾਲਰਸ਼ਿਪਬੰਦ ਹੋ ਗਈਹੈ, ਸਾਡੀ ਸਰਕਾਰ ਆਉਣ ਤੇ ਫਿਰ ਲਾਗੂ ਕੀਤੀ ਜਾਵੇਗੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬੱਚਿਆਂ ਨੂੰ ਸਰਕਾਰੀ ਨੌਕਰੀਆਂ, ਲਾਭਪਾਤਰੀਆਂ ਨੂੰ ਆਟਾ-ਦਾਲ ਸਕੀਮ ਅਤੇ ਹਰ ਮਹੀਨੇ 2 ਹਜ਼ਾਰ ਰੁਪਏ ਮਹੀਨਾ ਦਿੱਤਾ ਜਾਵੇਗਾ। ਉਨ੍ਹਾਂ ਨੇਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਦਾ ਅਸੀਂ ਵਿਰੋਧ ਕਰਦੇ ਹਾਂ।ਉਨ੍ਹਾ ਕਿਹਾ ਕਿ ਅੱਜ ਕਿਸਾਨ ਜੋ ਦਿੱਲੀ ਦੇ ਬਾਰਡਰਾਂ ਉੱਤੇ ਆਪਣੇ ਹੱਕਾਂ ਲਈ ਲੜ ਰਿਹਾ ਹੈ, ਅਸੀਂ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ।



## ਅੱਜ ਨਾਮਾ

ਰਹਿ ਗਿਆ ਚੋਣ ਦਾ ਵੇਖ ਕੇ ਸਮਾਂ ਥੋੜ੍ਹਾ,
ਲੀਡਰ ਕੰਮ ਦੀ ਕਾਹਲੀ ਨੇ ਕਰਨ ਲੱਗੇ।
ਕਾਣੀ ਕੌਡੀ ਵੀ ਜਿੱਥੋਂ ਕੁਝ ਲੱਭ ਸਕਦੀ,
ਚੁਣ-ਚੁਣ ਜੇਬ ਦੇ ਵਿੱਚ ਨੇ ਭਰਨ ਲੱਗੇ।
ਖਾ ਗਿਆ ਵਿੱਚੋਂ ਜੇ ਕੋਈ ਵੀ ਚਾਰ ਪੈਸੇ,
ਏਨੀ ਘਾਟ ਉਹ ਮੂਲ ਨਹੀਂ ਜਰਨ ਲੱਗੇ।
ਜਿਹੜੇ ਖੇਤ ਨੂੰ ਪਈ ਨਹੀਂ ਨਜ਼ਰ ਹਾਲੇ,
ਉਹਦੇ ਵਿੱਚ ਵੀ ਪਹੁੰਚ ਕੇ ਚਰਨ ਲੱਗੇ।
ਵਾਅਦੇ ਜਿਨ੍ਹਾਂ ਨਾਲ ਕੀਤੇ ਸੀ ਚੋਣ ਮੌਕੇ,
ਕੀਤੀ ਉਨ੍ਹਾਂ ਦੀ ਯਾਦ ਨਹੀਂ ਮੂਲ ਮੀਆਂ।
ਕਰਨਾ ਵਾਅਦੇ ਤੇ ਫੇਰ ਉਹ ਭੁੱਲ ਜਾਣੇ,
ਅਸਲੀ ਲੀਡਰ ਦਾ ਇਹੋ ਅਸੂਲ ਮੀਆਂ।

**ਤੀਸ ਮਾਰ ਖਾਂ**

# ਸਾਬਕਾ ਡੀ ਜੀ ਪੀ ਸੁਮੇਧ ਸੈਣੀ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

...ਪੰਨਾ 1 ਦਾ ਬਾਕੀ

ਵਿਜੀਲੈਂਸ ਕੇ ਕਈ ਦਿਨ ਪਹਿਲਾਂ ਸੁਮੇਧ ਸਿੰਘ ਸੈਣੀ ਦੇ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ ਕੀਤਾ ਸੀ। ਉਹ ਕਰੀਬ ਚਾਰ ਸਾਲਾਂ ਤੋਂ ਸਾਰੇ ਕੇਸਾਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਗ੍ਰਿਫਤਾਰੀ ਤੋਂ ਬਚਦੇ ਆਏ ਸਨ। ਅਕਾਲੀ-ਭਾਜਪਾ ਸਰਕਾਰ ਦੌਰਾਨ ਸੁਮੇਧ ਸਿੰਘ ਸੈਣੀ ਬਹੁਤ ਤਾਕਤਵਰ ਪੁਲਸ ਮੁਖੀ ਵਜੋਂ ਜਾਣੇ ਜਾਂਦੇ ਰਹੇ ਸਨ ਤੇ ਜਦੋਂ ਸਰਕਾਰ ਬਦਲ ਗਈ ਤਾਂ ਉਨ੍ਹਾ ਦੀਆਂ ਮੁਸ਼ਕਲਾਂ ਸ਼ੁਰੂ ਹੋ ਗਈਆਂ ਸਨ। ਪਿਛਲੇ ਦਿਨੀਂ ਹਾਈ ਕੋਰਟ ਤੋਂ ਝਾੜ ਪੈਣ ਪਿੱਛੋਂ ਅੱਜ ਜਦੋਂ ਉਹ ਵਿਜੀਲੈਂਸ ਦਫਤਰ ਪੁੱਜੇ ਤਾਂ ਉਸ ਵਕਤ ਦੇਰ ਸ਼ਾਮ ਹੋਣ ਕਰ ਕੇ ਕੋਈ ਵੀ ਸੀਨੀਅਰ ਅਧਿਕਾਰੀ ਮੌਜੂਦ ਨਹੀਂ ਸੀ। ਸੁਮੇਧ ਸਿੰਘ ਸੈਣੀ ਆਪਣੇ ਨਾਲ ਵਕੀਲਾਂ ਦੀ ਟੀਮ ਲੈ ਕੇ ਗਏ ਸਨ, ਪਰ ਵਿਜੀਲੈਂਸ ਅਧਿਕਾਰੀਆਂ ਦੀ ਟੀਮ ਜਲਦੀ ਹੀ ਓਥੇ ਪਹੁੰਚ ਗਈ ਅਤੇ ਜਦੋਂ ਪੁੱਛਗਿੱਛ ਸ਼ੁਰੂ ਹੋਈ ਤਾਂ ਕਿਹਾ ਜਾਂਦਾ ਹੈ ਕਿ ਇਸ ਮੌਕੇ ਕੁਝ ਆਪਸੀ ਕੁੜੱਤਣ ਵੀ ਹੋਣ ਲੱਗ ਪਈ, ਜਿਸ ਦੇ ਬਾਅਦ ਵਿਜੀਲੈਂਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ। ਦੱਸਿਆ ਜਾਂਦਾ ਹੈ ਕਿ ਇਸ ਵਕਤ ਉਨ੍ਹਾਂ ਉੱਤੇ ਪਿਛਲੇ ਸਾਰੇ ਕੇਸਾਂ ਦੇ ਨਾਲ ਇੱਕ ਨਵਾਂ ਕੇਸ ਪੁਲਸ ਭਰਤੀ ਨਾਲ ਸੰਬੰਧਤ ਵੀ ਦਰਜ ਕੀਤਾ ਜਾ ਚੁੱਕਾ ਹੈ, ਜਿਸ ਬਾਰੇ ਅਧਿਕਾਰੀ ਕੁਝ ਦੱਸ ਨਹੀਂ ਰਹੇ।

# 134 ਸਵਾਰੀਆਂ ਜੋਗੇ ਜਹਾਜ਼ ਵਿੱਚ 640 ਮੁਸਾਫਰ ਚੜ੍ਹ ਗਏ



ਕਾਬੁਲ, 18 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਹਵਾਈ ਅੱਡੇ ਉਤੇ ਪਰਸੋਂ ਹਜ਼ਾਰਾਂ ਅਫਗਾਨ ਨਾਗਰਿਕਾਂ ਨੇ ਦੇਸ਼ ਛੱਡਣ ਲਈ ਡੇਰਾ ਲਾਇਆ ਹੋਇਆ ਸੀ ਤਾਂ ਕਤਰ ਲਈ ਉਡਾਣ ਭਰ ਰਹੇ ਇੱਕ ਅਮਰੀਕੀ ਕਾਰਗੋ ਜਹਾਜ਼ ਸੀ-17 ਗਲੋਬਮਾਸਟਰ ਉੱਤੇ ਭੀੜ ਟੁੱਟ ਪਈ। ਹਾਲਾਤ ਇਹ ਸਨ ਕਿ ਇਸ ਜਹਾਜ਼ ਵਿੱਚ ਸਮਰੱਥਾ ਤੋਂ ਲਗਭਗ ਪੰਜ ਗੁਣਾ ਵੱਧ ਲੋਕ ਵੜ ਗਏ। ਇਨ੍ਹਾਂ ਵਿੱਚ ਔਰਤਾਂ ਨਾਲ ਬੱਚੇ ਵੀ ਸਨ। ਹਾਲਾਤ ਵਿਗੜਨ ਤੋਂ ਬਾਅਦ ਚਾਲਕ ਦਲ ਨੇ ਤੁਰੰਤ ਹੀ ਜਹਾਜ਼ ਨੂੰ ਉਡਾਉਣ ਦਾ ਫੈਸਲਾ ਕਰ ਲਿਆ।

ਇੱਕ ਅਮਰੀਕੀ ਅਧਿਕਾਰੀ ਦੇ ਮੁਤਾਬਕ ਇਸ ਜਹਾਜ਼ ਵਿੱਚ 640 ਅਫਗਾਨ ਲੋਕ ਸਵਾਰ ਹੋ ਗਏ ਸਨ। ਜਹਾਜ਼ ਦੀ ਨਿਰਮਾਤਾ ਕੰਪਨੀ ਮੁਤਾਬਕ ਸੀ-17 ਗਲੋਬਮਾਸਟਰ ਦੀ ਸਮਰੱਥਾ 134 ਯਾਤਰੀਆਂ ਨੂੰ ਲਿਜਾਣ ਦੀ ਹੈ। ਇਸ ਕਾਰਗੋ ਜਹਾਜ਼ ਵਿੱਚ 54 ਸੀਟਾਂ ਉੱਤੇ ਅਤੇ ਅੱਸੀ ਲੋਕਾਂ ਦੇ ਫਲੋਰ ਉੱਤੇ ਬੈਠਣ ਦੀ ਵਿਵਸਥਾ ਹੈ। ਜਾਣਕਾਰ ਲੋਕਾਂ ਦਾ ਮੰਨਣਾ ਹੈ ਕਿ ਸਮਰੱਥਾ ਤੋਂ ਇੰਨੇ ਵੱਧ ਲੋਕਾਂ ਨੂੰ ਲੈ ਕੇ ਉਡਾਣ ਦੀ ਇਹ ਪਹਿਲੀ ਘਟਨਾ ਹੈ। ਜਹਾਜ਼ ਦੇ ਉਡਾਣ ਭਰਨ ਸਮੇਂ ਵੀ ਅੱਧੇ ਖੁੱਲ੍ਹੇ ਰੈਂਪ ਉੱਤੇ ਲੋਕ ਚੜ੍ਹ ਗਏ। ਪੂਰੀ ਤਰ੍ਹਾਂ ਭਰੇ ਜਹਾਜ਼ ਵਿੱਚ ਲੋਕਾਂ ਦੇ ਹੱਥਾਂ ਵਿੱਚ ਸਾਮਾਨ ਦੇ ਨਾਲ ਬੱਚੇ ਵੀ ਸਨ। ਅਮਰੀਕੀ ਜਹਾਜ਼ ਨੇ ਇਨ੍ਹਾਂ ਸਾਰੇ ਨਾਗਰਿਕਾਂ ਨੂੰ ਕਤਰ ਵਿੱਚ ਛੱਡਿਆ ਹੈ।

ਪਤਾ ਲੱਗਾ ਹੈ ਕਿ ਇਸ ਦੌਰਾਨ ਅਫਗਾਨਿਸਤਾਨ ਵਿੱਚ ਫੌਜ ਦੇ ਸਮਰਪਣ ਵੇਲੇ ਅਫਗਾਨ ਫੌਜੀ 46 ਜਹਾਜ਼ ਲੈ ਕੇ ਉਥੋਂ ਉਡ ਗਏ ਅਤੇ ਉਜ਼ਬੇਕਿਸਤਾਨ ਦੀ ਫੌਜ ਨੇ ਆਪਣੇ ਇਲਾਕੇ ਵਿੱਚ ਵੜਦੇ ਸਾਰ ਹੀ ਇਨ੍ਹਾਂ ਸਾਰਿਆਂ ਨੂੰ ਤਿਰਮਿਜ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਉਤਰਨ ਲਈ ਮਜਬੂਰ ਕਰ ਦਿੱਤਾ। ਉਜ਼ਬੇਕਿਸਤਾਨ ਦੇ ਅਧਿਕਾਰੀਆਂ ਨੇ ਕਿਹਾ ਕਿ ਸੈਂਕੜੇ ਅਫਗਾਨ ਫੌਜੀ ਫੌਜ ਦੇ 22 ਜਹਾਜ਼ਾਂ ਤੇ 24 ਹੈਲੀਕਾਪਟਰਾਂ ਦੇ ਨਾਲ ਉਥੋਂ ਉਡ ਗਏ ਸਨ। ਇਹ ਸਾਰੇ ਜਹਾਜ਼ ਤੇ ਹੈਲੀਕਾਪਟਰ ਨਾਜਾਇਜ਼ ਰੂਪ ਨਾਲ ਉਜ਼ਬੇਕਿਸਤਾਨ ਦੀ ਸਰਹੱਦ ਵਿੱਚ ਵੜ ਜਾਣ ਪਿੱਛੋਂ ਇਨ੍ਹਾਂ ਸਭਨਾਂ ਨੂੰ ਉਤਰਨ ਲਈ ਮਜਬੂਰ ਕਰ ਦਿੱਤਾ ਗਿਆ। ਇਸ ਘਟਨਾ ਵਿੱਚ ਉਜ਼ਬੇਕਿਸਤਾਨ ਦਾ ਇੱਕ ਫਾਈਟਰ ਜੈਟ ਤੇ ਅਫਗਾਨਿਸਤਾਨ ਦਾ ਜਹਾਜ਼ ਆਪਸ ਵਿੱਚ ਟਕਰਾ ਕੇ ਕ੍ਰੈਸ਼ ਹੋ ਗਏ। ਰੱਖਿਆ ਮੰਤਰਾਲੇ ਮੁਤਾਬਕ ਅਫਗਾਨ ਫੌਜ ਦਾ ਇੱਕ ਜੈਟ ਸਰਹੱਦ ਦੇ ਅੰਦਰ ਵੜਦੇ ਹੀ ਡੇਗ ਦਿੱਤਾ ਗਿਆ। ਸਾਰੇ ਜਹਾਜ਼ ਤੇ ਹੈਲੀਕਾਪਟਰ ਵਿੱਚ 585 ਅਫਗਾਨ ਫੌਜੀ ਸਵਾਰ ਸਨ।

# ਸੜੀ ਹੋਈ ਗੱਡੀ ਵਿੱਚੋਂ ਮਿਲਿਆ ਮਨੁੱਖੀ ਪਿੰਜਰ

ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਗੱਡੀ ਵਿੱਚ ਲੱਗੀ ਅੱਗ ਤੋਂ ਬਾਅਦ ਇੱਕ ਮਨੁੱਖੀ ਪਿੰਜਰ ਮਿਲਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਸ਼ਨਿੱਚਰਵਾਰ ਸਵੇਰੇ 6:00 ਵਜੇ ਦੇ ਨੇੜੇ ਤੇੜੇ ਸਟੀਲਜ਼ ਐਵਨਿਊ ਈਸਟ ਤੇ ਗੌਰਡਨ ਮਿਊਰਿਸਨ ਲੇਨ ਏਰੀਆ ਵਿੱਚ ਇੱਕ ਗੱਡੀ ਨੂੰ ਅੱਗ ਲੱਗਣ ਦੀ ਖਬਰ ਪੁਲਿਸ ਨੂੰ ਦਿੱਤੀ ਗਈ। ਗੱਡੀ ਵਿੱਚੋਂ ਇੱਕ ਵਿਅਕਤੀ ਦਾ ਪਿੰਜਰ ਮਿਲਿਆ।ਪੋਸਟ ਮਾਰਟਮ ਕਰਵਾਏ ਜਾਣ ਤੋਂ ਬਾਅਦ ਇਸ ਵਿਅਕਤੀ ਦੀ ਮੌਤ ਨੂੰ ਕਤਲ ਕਰਾਰ ਦਿੱਤਾ ਗਿਆ। ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਮ੍ਰਿਤਕ ਦੀ ਪਛਾਣ ਵੀ ਨਹੀਂ ਹੋ ਸਕੀ। ਇਹ 2021 ਵਿੱਚ ਹੋਇਆ ਟੋਰਾਂਟੋ ਦਾ 49ਵਾਂ ਕਤਲ ਹੈ।

# ਚਾਰ ਸਪੇਰਿਆਂ ਤੋਂ ਸਵਾ ਕਰੋੜ ਦਾ ਸੈਂਡ ਬੋਆ ਸੱਪ, ਇੱਕ ਅਜਗਰ ਤੇ ਲੰਗੂਰ ਮਿਲਿਆ

ਰੋਹਤਕ, 18 ਅਗਸਤ (ਪੋਸਟ ਬਿਊਰੋ)- ਜੰਗਲੀ ਜੀਵ ਵਿਭਾਗ ਦੀ ਟੀਮ ਨੇ ਚਾਰ ਸਪੇਰਿਆਂ ਨੂੰ ਗ੍ਰਿਫਤਾਰ ਕੀਤਾ ਹੈ। ਸਪੇਰਿਆਂ ਨੇ ਵਿਰੋਧ ਕਰਦੇ ਹੋਏ ਹੱਥੋਪਾਈ ਕੀਤੀ, ਪ੍ਰੰਤੂ ਲੋਕਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਫੜ ਲਿਆ। ਇਨ੍ਹਾਂ ਦੇ ਕਬਜ਼ੇ ਤੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕਰੀਬ ਸਵਾ ਕਰੋੜ ਰੁਪਏ ਦੀ ਕੀਮਤ ਵਾਲੇ ਦੋ-ਮੂੰਹੇ ਸੈਂਟ ਬੋਆ ਸੱਪ, ਇੱਕ ਅਜਗਰ ਅਤੇ ਇੱਕ ਲੰਗੂਰ ਮਿਲਿਆ ਹੈ। ਪੁੱਛਗਿੱਛ ਦੇ ਬਾਅਦ ਇਨ੍ਹਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਸਪੇਰਿਆਂ ਨੂੰ ਪੀ ਜੀ ਆਈ ਐਮ ਐਸ ਵਿੱਚ ਮੈਡੀਕਲ ਤੋਂ ਬਾਅਦ ਕੁਰੂਕਸ਼ੇਤਰ ਦੀ ਸਪੈਸ਼ਲ ਕੋਰਟ ਵਿੱਚ ਪੇਸ਼ ਕਰ ਕੇ ਰਿਮਾਂਡ ਉੱਤੇਲਿਆਗਿਆ ਹੈ। ਜੰਗਲੀ ਜੀਵ ਵਿਭਾਗ ਦੇ ਰੇਂਜ ਅਫਸਰ ਨੇ ਕੱਲ੍ਹ ਸਵੇਰੇ ਕਰੀਬ 11 ਵਜੇ ਸੁਖਪੁਰਾ ਚੌਕ ਤੋਂ ਪੁਰਾਣੇ ਸ਼ਹਿਰ ਵੱਲ ਜਾਂਦੇ ਚਾਰ ਸਪੇਰੇ ਦੇਖੇ। ਸ਼ੱਕ ਹੋਣ ਉੱਤੇ ਰੋਕਿਆ ਤਾਂ ਉਹ ਦੌੜਨ ਲੱਗ ਪਏ। ਇਸ ਦੀ ਸੂਚਨਾ ਜੰਗਲੀ ਜੀਵ ਵਿਭਾਗ ਨੂੰ ਦਿੱਤੀ ਤਾਂ ਟੀਮ ਦੀ ਮਦਦ ਨਾਲ ਘੇਰਾਬੰਦੀ ਕਰ ਕੇ ਪੁਰਾਣੇ ਬੱਸ ਸਟੈਂਡ ਕੋਲੋਂ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਇਸ ਦੌਰਾਨ ਸਪੇਰਿਆਂ ਨੇ ਟੀਮ ਨਾਲ ਹੱਥੋਪਾਈ ਕੀਤੀ। ਇਹ ਦੇਖ ਕੇ ਆਸ-ਪਾਸ ਦੇ ਲੋਕ ਆ ਗਏ, ਜਿਨ੍ਹਾਂ ਦੀ ਮਦਦ ਨਾਲ ਟੀਮ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।ਪੁੱਛਗਿੱਛ ਦੇ ਬਾਅਦ ਸਪੇਰਿਆਂ ਦਾ ਪੀ ਜੀ ਆਈ ਵਿੱਚ ਮੈਡੀਕਲ ਕਰਾਇਆ। ਇਨ੍ਹਾਂ ਕੋਲੋਂ ਮਿਲੇ ਰੈਡ ਸੈਂਡ ਬੋਆ ਸੱਪ ਦੀ ਤਸਕਰੀ ਭਾਰਤ, ਚੀਨ ਅਤੇ ਕਈ ਅਰਬ ਦੇਸ਼ਾਂ ਨੂੰ ਹੁੰਦੀ ਹੈ। ਇਸ ਦੀ ਕੀਮਤ ਕਰੋੜਾਂ ਰੁਪਏ ਵਿੱਚ ਹੁੰਦੀ ਹੈ।ਸੈਂਡ ਬੋਆ ਸੱਪ ਦੀ ਸੈਕਸ ਪਾਵਰ ਵਧਾਉਣ, ਨਸ਼ੀਲੀਆਂ ਦਵਾਈਆਂ ਬਣਾਉਣ, ਮਹਿੰਗੇ ਪ੍ਰਫਿਊਮ ਬਣਾਉਣ ਅਤੇ ਕੈਂਸਰ ਦੇ ਇਲਾਜ ਵਿੱਚ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਸੱਪ ਨਾਲ ਇਹ ਅੰਧਵਿਸ਼ਵਾਸ ਜੁੜ ਗਿਆ ਹੈ ਕਿ ਇਸ ਨੂੰ ਪਾਲਣ ਨਾਲ ਧਨ ਅਤੇ ਜਾਇਦਾਦ ਦੀ ਪ੍ਰਾਪਤੀ ਹੈ।ਇਸ ਨੂੰ ਤੰਤਰ ਕਿਰਿਅਵਾਂ ਵਿੱਚ ਵੀ ਇਸਤੇਮਾਲ ਕੀਤਾ ਜਾਂਦਾ ਹੈ।

# ਨੌਰਥ ਯੌਰਕ ਵਿੱਚ ਹੋਈ ਛੁਰੇਬਾਜ਼ੀ ਵਿੱਚ 1 ਜ਼ਖ਼ਮੀ, 1 ਗ੍ਰਿਫਤਾਰ




ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਇੱਕ ਹੋਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਮੰਗਲਵਾਰ ਨੂੰ ਸਵੇਰੇ 10:30 ਵਜੇ ਤੋਂ ਪਹਿਲਾਂ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਕੋਲ ਚਾਕੂ ਹੋਣ ਦੀ ਖਬਰ ਦੇ ਕੇ ਐਨਕੈਸਟਰ ਰੋਡ ਤੇ ਵਿਲਸਨ ਐਵਨਿਊ ਸੱਦਿਆ ਗਿਆ। ਪੁਲਿਸ ਅਨੁਸਾਰ ਦੋ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਬੁੱਧਵਾਰ ਨੂੰ ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਮਾਮੂਲੀ ਜ਼ਖ਼ਮੀ ਸੀ।

# ਪੰਜਸ਼ੀਰ ਘਾਟੀ ਨੂੰ ਜਿੱਤਣਾ ਤਾਲਿਬਾਨ ਲਈ ਟੇਢੀ ਖੀਰ ਬਣਿਆ

ਕਾਬੁਲ, 18 ਅਗਸਤ (ਪੋਸਟ ਬਿਊਰੋ)- ਬੀਤੇ ਐਤਵਾਰ ਤੋਂ ਲੱਗਭਗ ਸਾਰੇ ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜ਼ੇ ਦੇ ਬਾਵਜੂਦ ਇਸ ਦੇਸ਼ ਦੇ ਪੰਜਸ਼ੀਰ ਸੂਬੇ ਨੂੰ ਕਾਬੂ ਹੇਠ ਕਰਨਾ ਜਾਂ ਉਸ ਉੱਤੇ ਕਬਜ਼ਾ ਕਰਨਾ ਤਾਲਿਬਾਨ ਦੇ ਲਈ ਟੇਢੀ ਖੀਰ ਬਣਿਆ ਹੋਇਆ ਹੈ। ਜਾਣਕਾਰੀ ਮਿਲੀ ਹੈ ਕਿ ਪੰਜਸ਼ੀਰ ਘਾਟੀ ਵਿੱਚ ਤਾਲਿਬਾਨ ਵਿਰੁੱਧ ਜੰਗ ਸ਼ੁਰੂ ਕਰਨ ਲਈ ਉਥੋਂ ਦੇ ਸਥਾਨਕ ਲੋਕਾਂ ਨੇ ਲੋਕਲ ਸਰਦਾਰਾਂ ਦੀ ਅਗਵਾਈ ਹੇਠ ਝੰਡਾ ਚੁੱਕ ਲਿਆ ਹੈ।

ਸਾਬਕਾ ਕਮਾਂਡਰ ਅਹਿਮਦ ਸ਼ਾਹ ਮਸੂਦ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਇਹ ਇਲਾਕਾ ਹਿੰਦੂਕੁਸ਼ ਪਹਾੜ ਦੇ ਨੇੜੇ ਹੈ। ਪਤਾ ਲੱਗਾ ਹੈ ਕਿ ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਪਿੱਛੋਂ ਵੀ ਅਫ਼ਗਾਨਿਸਤਾਨ ਦੇ ਉਪ ਰਾਸ਼ਟਰਪਤੀ ਅਮਰਉਲਾ ਸਾਲੇਹ ਨੇ ਰਾਸ਼ਟਰਪਤੀ ਅਸ਼ਰਫ਼ ਗਨੀ ਵਾਂਗ ਦੇਸ਼ ਨਹੀਂ ਛੱਡਿਆ, ਸਗੋਂ ਰੂਪੋਸ਼ ਹੋ ਗਏ ਸਨ। ਮੰਨਿਆ ਜਾਂਦਾ ਹੈ ਕਿ ਉਹ ਕਾਬੁਲ ਦੇ ਉਤਰ-ਪੂਰਬ ਵੱਲ ਪੰਜਸ਼ੀਰ ਘਾਟੀ ਵਿੱਚ ਪਹੁੰਚ ਗਏ ਹਨ। ਰੂਪੋਸ਼ ਹੋਣ ਤੋਂ ਪਹਿਲਾਂ ਸਾਲੇਹ ਨੇ ਟਵਿੱਟਰ ਉੱਤੇ ਲਿਖਿਆ ਸੀ ਕਿ ਉਹ ਉਨ੍ਹਾਂ ਲੱਖਾਂ ਲੋਕਾਂ ਨੂੰ ਨਿਰਾਸ਼ ਨਹੀਂ ਕਰਨਗੇ, ਜਿਨ੍ਹਾਂ ਨੇ ਉਨ੍ਹਾਂ ਨੂੰ ਚੁਣਿਆ ਅਤੇ ਨਾ ਉਹ ਤਾਲਿਬਾਨ ਨਾਲ ਕਦੇ ਸਮਝੌਤਾ ਕਰਨਗੇ। ਕੱਲ੍ਹ ਸੋਸ਼ਲ ਮੀਡੀਆ ਉੱਤੇ ਕੁਝ ਫੋਟੋਜ਼ ਵਿੱਚ ਸਾਲੇਹ ਆਪਣੇ ਸਾਬਕਾ ਸਲਾਹਕਾਰ ਅਤੇ ਤਾਲਿਬਾਨ ਵਿਰੋਧੀ ਲੜਾਕੂ ਅਹਿਮਦ ਸ਼ਾਹ ਮਸੂਦ ਦੇ ਪੁੱਤਰ ਅਹਿਮਦ ਮਸੂਦ ਨਾਲ ਪੰਜਸ਼ੀਰ ਵਿੱਚ ਦਿਖਾਈ ਦੇ ਰਹੇ ਹਨ। ਕਿਹਾ ਜਾਂਦਾ ਹੈ ਕਿ ਸਾਲੇਹ ਅਤੇ ਅਹਿਮਦ ਮਸੂਦ, ਜੋ ਮਿਲੀਸ਼ੀਆ ਫੋਰਸ ਦੀ ਕਮਾਂਡ ਸੰਭਾਲਦੇ ਹਨ, ਉਹ ਪੰਜਸ਼ੀਰ ਵਿੱਚ ਤਾਲਿਬਾਨ ਦਾ ਮੁਕਾਬਲਾ ਕਰਨ ਲਈ ਗੁਰੀਲਾ ਅੰਦੋਲਨ ਲਈ ਫ਼ੌਜਾਂ ਤਿਆਰ ਕਰ ਰਹੇ ਹਨ। ਆਪਣੀ ਕੁਦਰਤੀ ਸੁਰੱਖਿਆ ਲਈ ਮਸ਼ਹੂਰ ਪੰਜਸ਼ੀਰ ਘਾਟੀ 1990 ਦੇ ਘਰੇਲੂ ਯੁੱਧ ਵਿੱਚ ਤਾਲਿਬਾਨ ਦੇ ਕੰਟਰੋਲ ਵਿੱਚ ਨਹੀਂ ਆਈ ਸੀ ਤੇ ਸੋਵੀਅਤ ਰੂਸ ਵੀ ਇਸ ਨੂੰ ਜਿੱਤ ਨਹੀਂ ਸਕਿਆ ਸੀ। ਰਾਜਧਾਨੀ ਕਾਬੁਲ ਨੇੜੇ ਇਹ ਘਾਟੀ ਏਨੀ ਖ਼ਤਰਨਾਕ ਦੱਸੀ ਜਾਂਦੀ ਹੈ ਕਿ ਸਾਲ 1980 ਤੋਂ ਮੌਜੂਦਾ ਤਾਲਿਬਾਨੀ ਰਾਜ ਤਕ ਇਸ ਉੱਤੇ ਤਾਲਿਬਾਨ ਦਾ ਕਬਜ਼ਾ ਨਹੀਂ ਹੋ ਸਕਿਆ। ਦੱਸਿਆ ਜਾ ਰਿਹਾ ਹੈ ਕਿ ਸੋਵੀਅਤ ਰੂਸ ਅਤੇ ਅਮਰੀਕੀ ਫ਼ੌਜ ਨੇ ਇਸ ਖੇਤਰ ਵਿੱਚ ਸਿਰਫ਼ ਹਵਾਈ ਹਮਲੇ ਕੀਤੇ ਸਨ, ਭੂਗੋਲਿਕ ਸਥਿਤੀ ਕਾਰਨ ਉਹ ਇੱਥੇ ਕਦੇ ਜ਼ਮੀਨੀ ਕਾਰਵਾਈ ਨਹੀਂ ਕਰ ਸਕੇ। ਇਥੋਂ ਦੇ ਲੋਕਾਂ ਦਾ ਦਾਅਵਾ ਹੈ ਕਿ ਉਹ ਤਾਲਿਬਾਨ ਨੂੰ ਪੰਜਸ਼ੀਰ ਵਿੱਚ ਨਹੀਂ ਵੜਨ ਦੇਣਗੇ। ਪੰਜਸ਼ੀਰ ਘਾਟੀ ਭਾਰਤ ਦਾ ਪਹਿਲਾ ਵਿਦੇਸ਼ੀ ਫ਼ੌਜੀ ਅੱਡਾ ਵੀ ਹੈ ਅਤੇ ਇਹ ਭਾਰਤ ਨੇ ਖ਼ਾਸ ਕਰਕੇ ਉਤਰੀ ਗੱਠਜੋੜ ਦੀ ਸਹਾਇਤਾ ਲਈ ਸਥਾਪਤ ਕੀਤਾ ਸੀ।

# ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਨੇ ਕਿਹਾ : ਖ਼ੂਨ ਖ਼ਰਾਬੇ ਨੂੰ ਰੋਕਣ ਲਈ ਮੇਰਾ ਚਲੇ ਜਾਣਾ ਹੀ ਬਿਹਤਰ ਸੀ

ਕਾਬੁਲ, 18 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਨੇ ਕੱਲ੍ਹ ਦੇਸ਼ ਛੱਡਣ ਉਪਰੰਤ ਦੇਸ਼ ਦੇ ਨਾਗਰਿਕਾਂ ਲਈ ਇੱਕ ਸੰਦੇਸ਼ ਜਾਰੀ ਕੀਤਾ ਹੈ। ਇਸ ਵਿੱਚ ਉਨ੍ਹਾਂ ਨੇ ਦੇਸ਼ ਛੱਡਣ ਦਾ ਕਾਰਨ ਦੱਸਦਿਆਂ ਕਿਹਾ ਕਿ ਉਨ੍ਹਾਂ ਲਈ ਇਹ ਇੱਕ ਮੁਸ਼ਕਿਲ ਚੋਣ ਸੀ ਕਿ ਉਹ ਤਾਲਿਬਾਨ ਦਾ ਸਾਹਮਣਾ ਕਰਨ ਲਈ ਖੜ੍ਹੇ ਰਹਿਣ ਜਾਂ ਉਸ ਦੇਸ਼ ਨੂੰ ਛੱਡਣ ਜਿਸ ਦੀ ਰੱਖਿਆ ਲਈ ਉਨ੍ਹਾਂ ਆਪਣੇ 20 ਸਾਲ ਦਿੱਤੇ ਹਨ।

ਅਸ਼ਰਫ ਗਨੀ ਨੇ ਕਿਹਾ ਕਿ ਤਾਲਿਬਾਨ ਦੇਸ਼ ਅਤੇ ਕਾਬੁਲ ਦੇ ਲੋਕਾਂ ਉਤੇ ਹਮਲਾ ਕਰਨ ਆਏ ਹਨ ਅਤੇ ਇਸ ਖ਼ੂਨ ਖ਼ਰਾਬੇ ਨੂੰ ਰੋਕਣ ਲਈ ਬਿਹਤਰ ਸੀ ਕਿ ਉਹ ਇਥੋਂ ਚਲੇ ਜਾਣ। ਉਨ੍ਹਾਂ ਕਿਹਾ ਕਿ ਤਾਲਿਬਾਨ ਨੇ ਇਹ ਜੰਗ ਤਲਵਾਰਾਂ ਅਤੇ ਬੰਦੂਕਾਂ ਨਾਲ ਜਿੱਤੀ ਹੈ ਤੇ ਲੋਕਾਂ ਦੀ ਇੱਜ਼ਤ ਅਤੇ ਦੌਲਤ ਦੀ ਰਾਖੀ ਕਰਨਾ ਤਾਲਿਬਾਨ ਦੀ ਜ਼ਿੰਮੇਵਾਰੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

...ਪੰਨਾ 1 ਦਾ ਬਾਕੀ

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੈਂਡਲਵੁੱਡ ਸੀਨੀਅਰ ਕਲੱਬ ਦੇ ਮੈਂਬਰਾਂ ਨੇ ਮਨਾਇਆ ਕੈਨੇਡਾ ਡੇਅ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਸੈਂਡਲਵੁੱਡ ਸੀਨੀਅਰ ਕਲੱਬ ਦੇ ਬਜ਼ੁਰਗਾਂ ਨੇ ਬੀਤੇ ਸ਼ਨਿਚਰਵਾਰ ਰੱਲ ਮਿਲ ਕੇ ਇਸ ਨਵੀਂ ਧਰਤੀ ਤੇ ਅਪਣੇ ਦੇਸ਼ ਕੈਨੇਡਾ ਦਾ ਦਿਵਸ, 'ਕਨੇਡਾ ਡੇ' ਮੰਨਾਇਆ। ਉਨ੍ਹਾਂ ਇਸ ਦਿਨ ਜਿਥੇ ਕਨੇਡਾ ਅਤੇ ਅਪਣੇ ਸ਼ਹਿਰ ਬਰੈਂਪਟਨ ਦੇ ਇਤਿਹਾਸ ਤੇ ਝਾਤ ਮਾਰੀ, ਨਾਲ ਹੀ ਵਧੀਆ ਚਾਹ ਪਾਣੀ ਦਾ ਆਨੰਦ ਵੀ ਮਾਣਿਆਂ। ਇਲਾਕੇ ਦੇ ਮੈਂਬਰ ਪ੍ਰੋਵਿੰਸੀਅਲ ਪਾਰਲੀਮੈਂਟ ਅਮਰਜੋਤ ਸੰਧੂ ਅਤੇ ਮੈਂਬਰ ਪਾਰਲੀਮੈਂਟ ਕਮਲ ਖੈਹਰਾ ਨੇ ਇਸ ਪ੍ਰੋਗਰਾਮ ਵਿਚ ਖਾਸ ਤੌਰ ਤੇ ਸ਼ਿਰਕਤ ਕੀਤੀ।

ਕਲੱਬ ਦੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਨੇ ਬਰੈਂਪਟਨ ਸ਼ਹਿਰ ਦੇ ਇਤਿਹਾਸ ਦੇ ਝਾਤੀ ਮਾਰਦਿਆਂ ਦੱਸਿਆ ਕਿ ਪਹਿਲਾਂ ਪਹਿਲ 1829 ਅਤੇ 1831 ਵਿਚ ਇੰਗਲੈਂਡ ਵਿਚਲੇ ਅਪਣੇ ਸ਼ਹਿਰ ਬਰੈਂਪਟਨ ਤੋਂ ਜੌਹਨ ਇਲੀਅਟ ਅਤੇ ਵਿਲੀਅਮ ਲਾਅਸਨ ਆ ਕੇ ਇਥੇ ਵਸੇ ਅਤੇ ਸ਼ਹਿਰ ਨੂੰ ਅਪਣੇ ਪੁਰਾਣੇ ਸ਼ਹਿਰ ਦਾ ਨਾ ਦਿੱਤਾ। ਇਹ ਥਾਂ ਬੱਫੀ ਨੁੱਕਰ ਦੇ ਨਾ ਨਾਲ ਜਾਣਿਆਂ ਜਾਂਦਾ ਸੀ ਅਤੇ ਮੁੱਖ ਤੌਰ ਤੇ ਖੇਤੀ ਪ੍ਰਧਾਨ ਸੀ। ਇਸ ਸਮੇਂ ਇਸ ਦੇ 18 ਵਸਨੀਕ ਸਨ। 1848 ਵਿਚ ਇਸ ਇਲਾਕੇ ਦੀ ਯੋਜਨਾ ਤਿਆਰ ਕੀਤੀ ਗਈ ਅਤੇ ਕਨੇਡਾ ਦੇ ਅੱਜ ਤੋਂ 154 ਸਾਲ ਪਹਿਲਾਂ ਦੇਸ਼ ਬਣਨ ਸਮੇਂ ਇਥੇ ਕੁਝ ਘਰ, ਕਾਰਖਾਨੇ ਸਟੋਰ ਅਤੇ ਹੋਰ ਦਫਤਰ ਬਣ ਚੁੱਕੇ ਸਨ। ਜਦ ਇਥੇ 1000 ਦੀ ਅਬਾਦੀ ਹੋ ਗਈ ਤਾਂ 1853 ਵਿਚ ਪਹਿਲੀ ਕੌਂਸਲ ਬਣੀ ਅਤੇ 1856 ਵਿਚ ਰੇਲ ਲਾਈਨ ਆਈ, ਸਕੂਲ ਬਣਿਆਂ ਅਤੇ ਫਾਇਰ ਬਰਗੇਡ ਦੀ ਸੇਵਾ ਸ਼ੁਰੂ ਹੋ ਗਈ। 1863 ਤੱਕ ਇਸ ਥਾਂ ਬਣੇ ਵੱਡੇ ਗਰੀਨ ਹਾਊਸਾਂ ਵਿਚ ਉਗਾਏ ਫੁੱਲ ਬਾਹਰ ਭੇਜੇ ਜਾਣ ਲੱਗੇ, ਜਿਸ ਕਾਰਨ ਇਸ ਨੂੰ ਫੁੱਲਾਂ ਦਾ ਸ਼ਹਿਰ ਕਿਹਾ ਜਾਣ ਲੱਗਾ।

ਪ੍ਰਧਾਨ ਰਣਜੀਤ ਸਿੰਘ ਜੋਸਨ ਨੇ ਸਾਰੇ ਆਏ ਮੈਂਬਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਲੱਬ ਵਲੋਂ ਬਜ਼ੁਰਗਾਂ ਦੇ ਮੰਨੋਰੰਜਨ ਲਈ ਕੀਤੇ ਜਾਂਦੇ ਵੱਖ ਵੱਖ ਪ੍ਰੋਗਰਾਮਾ ਬਾਰੇ ਦੱਸਿਆ। ਐਮ ਪੀ ਪੀ ਅਮਰਜੋਤ ਸੰਧੂ ਅਤੇ ਐਮ ਪੀ ਕਮਲ ਖੈਹਰਾ ਨੇ ਮੈਂਬਰਾਂ ਵਲੋਂ ਕੋਵਿਡ ਦੇ ਕਹਿਰ, ਬਰੈਂਪਟਨ ਵਿਚ ਕਾਰਾਂ ਦੇ ਬੀਮੇ ਦੇ ਵੱਧ ਰੇਟ, ਬੁਢੇਪਾ ਘਰਾਂ ਵਿਚ ਲੋੜੀਂਦੇ ਪ੍ਰਬੰਧਾਂ ਦੀ ਘਾਟ ਅਤੇ ਸਿਹਤ ਸੇਵਾਵਾਂ ਸਬੰਧੀ ਉਠਾਏ ਗਏ ਸੁਆਲਾਂ ਦੇ ਜੁਆਬ ਦਿੱਤੇ। ਇਸ ਮੌਕੇ ਕਲੱਬ ਵਲੋਂ ਐਮ ਪੀ ਪੀ ਅਮਰਜੋਤ ਸੰਧੂ, ਐਮ ਪੀ ਕਮਲ ਖੈਹਰਾ ਅਤੇ ਡਾ ਬਲਜਿੰਦਰ ਸਿੰਘ ਸੇਖੋਂ ਦਾ ਸਨਮਾਨ ਕੀਤਾ ਗਿਆ ਅਤੇ ਪਲੈਕ ਦਿੱਤੇ ਗਏ। ਪ੍ਰੋਗਰਾਮ ਦੀ ਸਟੇਜ ਦੀ ਜਿਮੇਵਾਰੀ ਜਨਰਲ ਸਕੱਤਰ ਅਵਿਨਾਸ਼ ਭਾਰਦਵਾਜ ਨੇ ਬਾਖੂਬੀ ਨਿਭਾਈ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਮੀਤ ਪ੍ਰਧਾਨ ਸ: ਹਰਕੋਮਲ ਸਿੰਘ ਧਾਲੀਵਾਲ, ਜੋਇਟ ਸਕੱਤਰ ਸ: ਦਰਸ਼ਨ ਸਿੰਘ ਦਰਾੜ ਤੇ ਖਜ਼ਾਨਚੀ ਸ: ਮਹਿਮਾਂ ਸਿੰਘ ਧਾਲੀਵਾਲ ਦਾ ਵਧੀਆ ਯੋਗਦਾਨ ਰਿਹਾ। ਕਲੱਬ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਜੋਸਨ (647 444 2005) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅਨੁਸੂਚਿਤ ਜਾਤੀਆਂ ਦੇ 50 ਹਜ਼ਾਰ ਰੁਪਏ ਦੇ ਕਰਜ਼ੇ ਮੁਆਫ਼ ਕਰਨ ਦਾ ਕੀਤਾ ਐਲਾਨ

ਮੋਗਾ, 18 ਅਗਸਤ (ਗਿਆਨ ਸਿੰਘ): ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ, ਇੰਜ: ਮੋਹਨ ਲਾਲ ਸੂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋ ਆਜਾਦੀ ਦਿਵਸ ਮੌਕੇ ਕਾਰਪੋਰੇਸ਼ਨ ਪਾਸੋਂ ਮਿਤੀ 31 ਮਾਰਚ 2021 ਤੱਕ ਕਰਜ਼ਾ ਲੈਣ ਵਾਲੇ ਸਮੂਹ ਕਰਜ਼ਦਾਰਾਂ ਦਾ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਮਾਫ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਐਲਾਨ ਨਾਲ ਲਗਭਗ 10,151 ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਰਜ਼ਦਾਰਾਂ ਨੂੰ 41.48 ਕਰੋੜ ਰੁਪਏ ਦੀ ਵੱਡੀ ਰਾਹਤ ਮਿਲੀ ਹੈ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵਲੋਂ ਕੀਤਾ ਇਹ ਲੋਕਪੱਖੀ ਐਲਾਨ ਬੜਾ ਹੀ ਸ਼ਲਾਘਾਯੋਗ ਹੈ।

ਉਨ੍ਹਾਂ ਦੱਸਿਆ ਕਿ ਉਨਾਂ ਵਲੋਂ ਵਿਸ਼ੇਸ ਤੌਰ 'ਤੇ ਮੁੱਖ ਮੰਤਰੀ ਨੂੰ ਮਿਤੀ 28.6.2021 ਨੂੰ ਇਕ ਡੀ.ਓ. ਪੱਤਰ ਲਿਖ ਕੇ ਅਤਿ ਮਹੱਤਵਪੂਰਨ ਮੁੱਦਾ ਉਨਾਂ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਜਿਵੇ ਪੰਜਾਬ ਸਰਕਾਰ ਵਲੋਂ ਰਾਜ ਵਿਚ ਕਿਸਾਨਾਂ ਦਾ ਕਰਜ਼ਾ ਮਾਫ਼ ਕਰਕੇ ਰਾਹਤ ਦਿੱਤੀ ਗਈ ਹੈ ਉਸੇ ਹੀ ਤਰਜ਼ ਤੇ ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਦਾ ਕਰਜ਼ਾ ਵੀ ਮੁਆਫ਼ ਕੀਤਾ ਜਾਵੇ ਕਿਉਂਕਿ ਕਰੋਨਾ ਦੀ ਮਹਾਂਮਾਰੀ ਦੌਰਾਨ ਛੋਟੇ ਕਾਰੋਬਾਰੀ ਜੋ ਕਰਜ਼ਾ ਚੁੱਕ ਦੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੇ ਸੀ, ਬੁਰੀ ਤਰਾਂ ਪ੍ਰਭਾਵਤ ਹੋਏ ਹਨ ਜਿਸ ਤੇ ਮੁੱਖ ਮੰਤਰੀ ਜੀ ਵਲੋਂ ਹਮਦਰਦੀ ਨਾਲ ਵਿਚਾਰ ਕਰਕੇ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਦੇ ਹੁਕਮ ਕੀਤੇ ਗਏ ਸਨ।

ਇੰਜ: ਸੂਦ ਨੇ ਇਹ ਵੀ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਪੰਜਾਬ ਰਾਜ ਦੇ ਗਰੀਬ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਹਮੇਸ਼ਾ ਤਤਪਰ ਰਹੇ ਅਤੇ ਇਸੇ ਲੜੀ ਤਹਿਤ ਪਹਿਲਾਂ ਵੀ ਪੰਜਾਬ ਸਰਕਾਰ ਵਲੋਂ ਕਾਰਪੋਰੇਸ਼ਨ ਪਾਸੋਂ 50 ਹਜ਼ਾਰ ਤੱਕ ਦਾ ਕਰਜ਼ਾ ਪ੍ਰਾਪਤ ਕਰਨ ਵਾਲੇ ਕਰਜ਼ਦਾਰਾਂ ਦਾ ਕਰਜ਼ਾ ਮਾਫ਼ ਕਰਕੇ 14,260 ਕਰਜ਼ਦਾਰਾਂ ਨੂੰ 45.41 ਕਰੋੜ ਰੁ: ਦੀ ਭਾਰੀ ਰਾਹਤ ਦਿੱਤੀ ਗਈ ਸੀ। ਇਸ ਪ੍ਰਕਾਰ ਕੈਪਟਨ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੇ ਕਰਜ਼ਦਾਰਾਂ ਨੂੰ ਆਪਣੇ ਮੌਜੂਦਾ ਕਾਰ-ਜਕਾਲ ਦੌਰਾਨ 86.89 ਕਰੋੜ ਰੁਪਏ ਦੇ ਕਰਜੇ ਮਾਫ ਕਰਕੇ ਬਹੁਤ ਵੱਡੀ ਰਾਹਤ ਦਿੱਤੀ ਹੈ ਜਿਸ ਲਈ ਉਹ ਕੈਪਟਨ ਸਰਕਾਰ ਦੇ ਸ਼ੁਕਰਗੁਜ਼ਾਰ ਹਨ। ਇਸ ਫੈਸਲੇ ਨਾਲ ਦਲਿਤ ਸਮਾਜ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਨੂੰ ਕੇਵਲ ਕਰਜ਼ੇ ਮਾਫ਼ੀ ਨਾਲ ਰਾਹਤ ਹੀ ਨਹੀਂ ਦਿੱਤੀ ਬਲਕਿ ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਮੁਹੱਈਆ ਕਰਨ ਦੇ ਪ੍ਰਮੁੱਖ ਪ੍ਰੋਗਰਾਮ ਅਧੀਨ ਅਨੁਸੂਚਿਤ ਜਾਤੀਆਂ ਦੇ ਗਰੀਬ ਲਾਭਪਾਤਰੀਆਂ ਨੂੰ ਸਵੈ ਰੋਜ਼ਗਾਰ ਸ਼ੁਰੂ ਕਰਨ ਦੇ ਮੰਤਵ ਨਾਲ ਵੀ ਕਰਜ਼ੇ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਕਾਰਪੋਰੇਸ਼ਨ ਦੀਆਂ ਵੱਖ ਵੱਖ ਸਕੀਮਾਂ ਸਾਲ 2019-20 ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਕਰਜ਼ਾ ਵੰਡ ਮੁਹਿੰਮ ਦੌਰਾਨ 1,779 ਲਾਭਪਾਤਰੀਆਂ ਨੂੰ 15.35 ਕਰੋੜ ਰੁਪਏ ਦਾ ਕਰਜਾ (ਸਮੇਤ 1.35 ਕਰੋੜ ਰੁ: ਦੀ ਸਬਸਿਡੀ) ਦੇ ਕੇ ਵੱਡੀ ਉਪਲੱਬਧੀ ਹਾਸਲ ਕੀਤੀ ਗਈ ਹੈ। ਇਸ ਤੋਂ ਇਲਾਵਾ ਕਰੋਨਾ ਮਹਾਂਮਾਰੀ ਕਾਰਣ ਲਾਕਡਾਊਨ ਹੋਣ ਦੇ ਬਾਵਜੂਦ ਵੀ ਸਾਲ 2020-21 ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁਹਿੰਮ ਅਧੀਨ 2,116 ਲਾਭਪਾਤਰੀਆਂ ਨੂੰ 22.94 ਕਰੋੜ ਦਾ ਕਰਜ਼ਾ (ਸਮੇਤ 1.65 ਕਰੋੜ ਰੁ: ਦੀ ਸਬਸਿਡੀ) ਵੰਡ ਕੇ ਇਕ ਨਵਾਂ ਮੁਕਾਮ ਹਾਸਲ ਕੀਤਾ ਗਿਆ।

ਉਨਾਂ ਅੱਗੇ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਕਾਰਪੋਰੇਸ਼ਨ ਆਪਣੀ ਸਥਾਪਨਾ ਦੇ 50 ਸਾਲ ਪੂਰੇ ਹੋਣ ਤੇ ਗੋਲਡਨ ਜੁਬਲੀ ਵਰ੍ਹੇ ਦੇ ਤੌਰ ਤੇ ਮਨਾ ਰਹੀ ਹੈ ਅਤੇ ਇਸ ਇਤਿਹਾਸਕ ਸਾਲ ਦੌਰਾਨ ਕਾਰਪੋਰੇਸ਼ਨ ਦੀ ਮੁੱਖ ਸਕੀਮ ਸਿੱਧਾ ਕਰਜਾ ਅਧੀਨ ਕਰਜ਼ੇ ਵੰਡਣ ਦਾ ਟੀਚਾ 500 ਲੱਖ ਰੁ: ਤੋਂ ਵਧਾ ਕੇ 1000 ਲੱਖ ਕਰ ਦਿੱਤਾ ਗਿਆ ਹੈ। ਇਸ ਸਬੰਧ ਵਿਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਸ਼ੇਸ਼ ਜਾਗਰੂਕਤਾ ਕੈਂਪ ਆਯੋਜਿਤ ਕਰਕੇ ਕਰਜ਼ਦਾਰਾਂ ਨੂੰ ਕਰਜ਼ਿਆਂ ਦੇ ਮਨਜ਼ੂਰੀ ਪੱਤਰ ਵੰਡੇ ਜਾ ਰਹੇ ਹਨ। ਇਨਾਂ ਪ੍ਰੋਗਰਾਮਾਂ ਦੀ ਲੜੀ ਵਿਚ ਮੁੱਲਾਂਪੁਰ ਦਾਖਾ, ਬੰਗਾ, ਅੰਮ੍ਰਿਤਸਰ ਅਤੇ ਰੋਪੜ ਵਿਖੇ ਪ੍ਰੋਗਰਾਮ ਵੀ ਕੀਤੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਇਸੇ ਤਰਾਂ ਦੇ ਪ੍ਰੋਗਰਾਮ ਉਲੀਕੇ ਜਾਣਗੇ।

# ਪਾਕਿ ਗੁਰਦੁਆਰਾ ਕਮੇਟੀ ਆਪਣੀ ਹੀ ਸਰਕਾਰ ਦੇ ਹੁਕਮਾਂ ਤੋਂ ਬੇਖ਼ਬਰ

ਅੰਮ੍ਰਿਤਸਰ, 18 ਅਗਸਤ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਆਧਾਰ ਬਣਾ ਕੇ ਪਾਕਿਸਤਾਨ ਦੇ ਨੈਸ਼ਨਲ ਕਮਾਂਡ ਐਂਡ ਆਪ੍ਰੇਸ਼ਨ ਸੈਂਟਰ (ਐਨ ਸੀ ਓ ਸੀ) ਵੱਲੋਂ ਮਾਰਚ 2020 ਵਿਚ ਭਾਰਤੀ ਯਾਤਰੂਆਂ ਦੇ ਕਰਤਾਰਪੁਰ ਲਾਂਘੇ ਰਾਹੀਂ ਜ਼ਿਲ੍ਹਾ ਨਾਰੋਵਾਲ ਵਿਚਲੇ ਗੁਰਦੁਆਰਾ ਕਰਤਾਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਉੱਤੇ ਲਗਾਈ ਰੋਕ ਦੇ ਹੁਕਮਾਂ ਤੋਂ ਬੇਖ਼ਬਰ ਪਾਕਿ-ਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਮੀਰ ਸਿੰਘ ਨੇ ਕੱਲ੍ਹ ਇੱਕ ਵਾਰ ਫਿਰ ਲਾਂਘਾ ਨਾ ਖੋਲ੍ਹਣ ਨੂੰ ਲੈ ਕੇ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ।

ਅਮੀਰ ਸਿੰਘ ਨੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਵੀਡੀਓ ਜਾਰੀ ਕਰਦਿਆਂ ਦਾਅਵਾ ਕੀਤਾ ਕਿ ਪਾਕਿ ਸਰਕਾਰ ਨੇ ਦੋ ਅਕਤੂਬਰ 2020 ਨੂੰ ਆਪਣੇ ਵੱਲੋਂ ਲਾਂਘਾ ਖੋਲ੍ਹ ਦਿੱਤਾ ਸੀ, ਪਰ ਭਾਰਤ ਸਰਕਾਰ ਕਿਸੇ ਰੰਜਿਸ਼ ਕਾਰਨ ਲਾਂਘਾ ਨਹੀਂ ਖੋਲ੍ਹ ਰਹੀ। ਇਹ ਵੀਡੀਓ ਜਾਰੀ ਕਰਨ ਪਿੱਛੋਂ ਉਨ੍ਹਾਂ ਮੀਡੀਆ ਨਾਲ ਗੱਲਬਾਤ ਦੌਰਾਨ ਇਹ ਮੰਨਿਆ ਕਿ ਫਿਲਹਾਲ ਐਨ ਸੀ ਓ ਸੀ ਵੱਲੋਂ ਲਾਂਘੇ ਨੂੰ ਭਾਰਤੀ ਯਾਤਰੂਆਂ ਲਈ ਖੋਲ੍ਹਣ ਦੀ ਕੋਈ ਸੂਚਨਾ ਜਾਰੀ ਨਹੀਂ ਕੀਤੀ ਗਈ ਤੇ ਉਹ ਇਸ ਬਾਰੇ ਸਬੰਧਤ ਵਿਭਾਗ ਨੂੰ ਅਪੀਲ ਕਰਨਗੇ। ਜ਼ਿਲ੍ਹਾ ਨਾਰੋਵਾਲ ਤੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਐਮ ਪੀ ਏ ਮੋਮਨਾ ਵਹੀਦ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਇੱਕ ਸੰਜੀਦਾ ਮਾਮਲਾ ਹੈ ਅਤੇ ਪੀ ਐਸ ਜੀ ਪੀ ਸੀ ਨੂੰ ਇਸ ਬਾਰੇ ਕੋਈ ਬਿਆਨ ਬਿਨ੍ਹਾਂ ਜਾਣਕਾਰੀ ਦੇ ਸਾਂਝਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਜਲਦੀ ਐਨ ਸੀ ਓ ਸੀ ਦੇ ਚੇਅਰਮੈਨ ਅਸਦ ਉਮਰ ਅਤੇ ਨੈਸ਼ਨਲ ਕੋਰਡੀਨੇਟਰ ਲੈਫਟੀਨੈਂਟ ਜਨਰਲ ਹਾਮਿਦ ਉਜ਼ਮਾਨ ਤਕ ਪਹੁੰਚ ਕਰਕੇ ਭਾਰਤੀ ਯਾਤਰੂਆਂ ਲਈ ਲਾਂਘਾ ਖੁੱਲ੍ਹਵਾਉਣ ਬਾਰੇ ਗੱਲਬਾਤ ਕੀਤੀ ਜਾਵੇਗੀ।

# ਪਤਨੀ ਨੂੰ ਤਲਾਕ ਦੇ ਸਕਦੇ ਹੋ, ਬੱਚਿਆਂ ਨੂੰ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਇੱਕ ਵਿਅਕਤੀ ਨੂੰ ਕਿਹਾ ਕਿ ਉਹ ਆਪਣੀ ਪਤਨੀ ਨੂੰ ਤਲਾਕ ਦੇ ਸਕਦਾ ਹੈ, ਪਰ ਆਪਣੇ ਬੱਚਿਆਂ ਨੂੰ ਤਲਾਕ ਨਹੀਂ ਦੇ ਸਕਦਾ। ਇਸ ਦੇ ਨਾਲ ਅਦਾਲਤ ਨੇ ਸਮਝੌਤੇ ਦੇ ਤੌਰ ਉੱਤੇ ਉਸ ਨੂੰ ਚਾਰ ਕਰੋੜ ਰੁਪਏ ਦੇ ਭੁਗਤਾਨ ਦਾ ਹੁਕਮ ਦਿੱਤਾ ਹੈ।

ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਹੇਠ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜੋੜੇ ਦੀ ਆਪਸੀ ਸਹਿਮਤੀ ਨਾਲ ਤਲਾਕ ਨੂੰ ਮਨਜ਼ੂਰੀ ਦੇ ਦਿੱਤੀ, ਜਿਹੜੇ 2019 ਤੋਂ ਵੱਖ ਰਹਿ ਰਹੇ ਹਨ। ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਕਿਹਾ ਕਿ ਜੋੜੇ ਵੱਲੋਂ ਹੋਰਨਾਂ ਸ਼ਰਤਾਂ ਦੀ ਪਾਲਣਾ ਸਮਝੌਤੇ ਮੁਤਾਬਕ ਕੀਤੀ ਜਾਵੇਗੀ। ਕੇਸ ਦੀ ਸੁਣਵਾਈ ਦੌਰਾਨ ਪਤੀ ਦੇ ਵਕੀਲ ਨੇ ਕਿਹਾ ਕਿ ਵਿਚੋਲਗੀ ਪ੍ਰਕਿਰਿਆ ਦੌਰਾਨ ਦੋਵੇਂ ਧਿਰਾਂ ਸਮਝੌਤੇ ਉੱਤੇ ਪਹੁੰਚੀਆਂ ਹਨ, ਪਰ ਪਤੀ ਨੂੰ ਚਾਰ ਕਰੋੜ ਰੁਪਏ ਭੁਗਤਾਨ ਕਰਨ ਲਈ ਕੁਝ ਹੋਰ ਸਮੇਂ ਦੀ ਲੋੜ ਹੋਵੇਗੀ, ਕਿਉਂਕਿ ਮਹਾਮਾਰੀ ਕਾਰਨ ਉਸ ਦੇ ਕਾਰੋਬਾਰ ਨੂੰ ਭਾਰੀ ਨੁਕਸਾਨ ਹੋਇਆ ਹੈ। ਇਸ ਉੱਤੇਕੋਰਟ ਨੇ ਕਿਹਾ, ਸਮਝੌਤੇ ਵਿੱਚ ਤੁਸੀਂ ਖੁਦ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਜਿਸ ਦਿਨ ਤਲਾਕ ਨੂੰ ਮਨਜ਼ੂਰੀ ਮਿਲੇਗੀ, ਉਸੇ ਦਿਨ ਚਾਰ ਕਰੋੜ ਰੁਪਏ ਦਾ ਭੁਗਤਾਨ ਕਰ ਦਿਓਗੇ, ਅੱਜ ਇਹ ਆਰਥਿਕ ਤੰਗੀ ਦੀ ਦਲੀਲ ਠੀਕ ਨਹੀਂ ਰਹੇਗੀ।

ਅਦਾਲਤ ਨੇ ਅੱਗੇ ਕਿਹਾ ਕਿ ਤੁਸੀਂ ਆਪਣੀ ਪਤਨੀ ਨੂੰ ਤਲਾਕ ਦੇ ਸਕਦੇ ਹੋ, ਬੱਚਿਆਂ ਨੂੰ ਤਲਾਕ ਨਹੀਂ ਦੇ ਸਕਦੇ, ਕਿਉਂਕਿ ਉਨ੍ਹਾਂ ਨੂੰ ਤੁਸੀਂ ਜਨਮ ਦਿੱਤਾ ਹੈ। ਤੁਹਾਨੂੰ ਉਨ੍ਹਾਂ ਦੀ ਦੇਖ-ਭਾਲ ਕਰਨੀ ਪਵੇਗੀ। ਪਤਨੀ ਤੇ ਨਾਬਾਲਗ ਬੱਚਿਆਂ ਦੇ ਗੁਜ਼ਾਰੇ ਲਈ ਤੁਹਾਨੂੰ ਪੈਸੇ ਦੇਣੇ ਪੈਣਗੇ। ਵਰਨਣ ਯੋਗ ਹੈ ਕਿ ਆਮ ਤੌਰ ਉੱਤੇ ਪਤੀ-ਪਤਨੀ ਵਿੱਚ ਤਲਾਕ ਤੋਂ ਬਾਅਦ ਬੱਚਿਆਂ ਉੱਤੇ ਡੂੰਘਾ ਅਸਰ ਪੈਂਦਾ ਹੈ। ਉਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਪ੍ਰੇਸ਼ਾਨੀਆਂ ਵਿੱਚੋਂ ਲੰਘਣਾ ਪੈਂਦਾ ਹੈ। ਇਸ ਕਾਰਨ ਸੁਪਰੀਮ ਕੋਰਟ ਦੀ ਇਹ ਟਿੱਪਣੀ ਅਹਿਮ ਮੰਨੀ ਜਾ ਸਕਦੀ ਹੈ।

# ਸਰੀਰਕ ਸੰਬੰਧ ਨਾ ਬਣਾਏ ਤਾਂ ਚੋਰੀ ਵੀਡੀਓ ਬਣਾ ਕੇ ਵਾਇਰਲ ਕਰਨ ਵਾਲਾ ਗ੍ਰਿਫ਼ਤਾਰ

ਜਲੰਧਰ, 18 ਅਗਸਤ (ਪੋਸਟ ਬਿਊਰੋ)- ਜਿਸਮਾਨੀ ਸੰਬੰਧ ਬਣਾਉਣ ਤੋਂ ਮਨ੍ਹਾ ਕਰਨ ਉੱਤੇ 36 ਸਾਲਾ ਔਰਤ ਦੋਸਤ ਦੀ ਚੋਰੀ ਬਣਾਈ ਵੀਡੀਓ ਅਤੇ ਤਸਵੀਰਾਂ ਵਾਇਰਲ ਕਰਨ ਵਾਲੇ ਦੋਸ਼ੀ ਨੂੰ ਥਾਣਾ ਨੰਬਰ 8 ਦੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।ਉਸ ਉੱਤੇ ਪਿਛਲੇ ਸਾਲ ਕੇਸ ਦਰਜ ਹੋਇਆ ਸੀ ਅਤੇ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਸੀ। ਉਸ ਦੀ ਪਛਾਣ ਦਲਜੀਤ ਸਿੰਘ ਪੁੱਤਰ ਨਰਿੰ-ਦਰ ਸਿੰਘ ਵਾਸੀ ਕੋਟ ਬਾਬਾ ਦੀਪ ਸਿੰਘ ਨਗਰ ਵਜੋਂ ਹੋਈ ਹੈ।

ਥਾਣਾ ਨੰਬਰ 8 ਦੇ ਇੰਚਾਰਜ ਰੁਪਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਸੰਬਰ ਵਿੱਚ ਦਲਜੀਤ ਸਿੰਘ ਨੇ ਆਪਣੀ ਮਹਿਲਾ ਦੋਸਤ ਦੀ ਚੋਰੀ ਵੀਡੀਓ ਬਣਾਈ ਅਤੇ ਤਸਵੀਰਾਂ ਖਿੱਚ ਲਈਆਂ ਸਨ। ਉਸ ਦੇ ਬਾਅਦ ਤੋਂ ਉਹ ਉਸ ਵਿਆਹੁਤਾ ਔਰਤ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਔਰਤ ਦਾ ਦੋਸ਼ ਸੀ ਕਿ ਉਸ ਨੇ ਵੀਡੀਓ ਅਤੇ ਤਸਵੀਰਾਂ ਵਾਇਰਲਕਰਨ ਦੀ ਧਮਕੀ ਦੇ ਕੇ ਉਸ ਨਾਲ ਬਲਾਤਕਾਰ ਵੀ ਕੀਤਾ। ਦੋਸ਼ੀ ਕਾਫ਼ੀ ਸਮੇਂ ਤੋਂ ਪੀੜਤਔਰਤ ਦਾ ਸਰੀਰਕ ਸ਼ੋਸ਼ਣ ਕਰ ਰਿਹਾ ਹੈ।ਪੀੜਤਾ ਦਾ ਕਹਿਣਾ ਸੀ ਕਿ ਜਦੋਂ ਉਸ ਦੀ ਧੀ ਦਾ ਵਿਆਹ ਹੋਇਆ ਤਾਂ ਦਲਜੀਤ ਸਿੰਘ ਉਸ ਨੂੰ ਸਰੀਰਕ ਸੰਬੰਧ ਬਣਾਉਣ ਲਈ ਬੁਲਾਉਂਦਾ ਰਿਹਾ, ਪਰ ਉਹ ਨਹੀਂ ਗਈ। ਉਸ ਪਿੱਛੋਂ ਉਸ ਨੇ ਕਈ ਵਾਰ ਧਮਕੀ ਦਿੱਤੀ ਪਰ ਗੱਲ ਨਾ ਮੰਨਣ ਉੱਤੇਉਸ ਨੇ ਪੀੜਤਾ ਦੀ ਅਸ਼ਲੀਲ ਵੀਡੀਓ ਤੇ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤੀਆਂ।ਦਸੰਬਰ 2020 ਵਿੱਚ ਦਲਜੀਤ ਸਿੰਘ ਦੇ ਖ਼ਿਲਾਫ਼ ਥਾਣਾ ਨੰਬਰ 8 ਵਿੱਚ ਕੇਸ ਦਰਜ ਕੀਤਾ ਗਿਆ, ਪਰਉਹ ਫ਼ਰਾਰ ਹੋ ਗਿਆ ਤਾਂ ਭਗੌੜਾ ਵੀ ਕਰਾਰ ਦਿੱਤਾ ਜਾ ਚੁੱਕਾ ਸੀ।ਐਸ ਐਚ ਓ ਰੁਪਿੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਦੇਰ ਸ਼ਾਮ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਮੁਲਜ਼ਮ ਆਪਣੇ ਘਰ ਦੇ ਨੇੜੇ ਘੁੰਮ ਰਿਹਾ ਹੈ, ਜਿੱਥੇ ਉਨ੍ਹਾਂ ਦੀ ਟੀਮ ਨੇ ਛਾਪਾ ਮਾਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਮੁਲਜ਼ਮ ਦਾ ਦੋ ਦਿਨ ਦਾ ਰਿਮਾਂਡ ਲਿਆ ਹੈ।

# ਅਧਿਆਪਕਾ ਵੱਲੋਂ ਘਰ ਦੀ ਛੱਤ ਉਤੇ ਮਿੱਟੀ ਦਾ ਤੇਲ ਪਾ ਕੇ ਖੁਦਕੁਸ਼ੀ

ਲੁਧਿਆਣਾ, 18 ਅਗਸਤ (ਪੋਸਟ ਬਿਊਰੋ)- ਨਿਊ ਕੁੰਦਨਪੁਰੀ ਇਲਾਕੇ ਵਿੱਚ 45 ਸਾਲ ਦੀ ਪ੍ਰਾਈਵੇਟ ਸਕੂਲ ਟੀਚਰ ਨੇ ਘਰ ਦੀ ਛੱਤ ਉਤੇ ਪਏ ਬਿਸਤਰੇ ਦੇ ਉਪਰ ਚੜ੍ਹ ਕੇ ਖੁਦ ਉਤੇ ਮਿੱਟੀ ਦਾ ਤੇਲ ਪਾ ਅੱਗ ਲਾ ਕੇ ਖੁਦਕੁਸ਼ੀ ਕਰ ਲਈ। ਪੁਲਸ ਨੂੰ ਉਥੋਂ 1 ਪੇਜ਼ ਦਾ ਸੁਸਾਈਡ ਨੋਟ ਬਰਾਮਦ ਹੋਇਆ ਹੈ, ਜਿਸ ਵਿੱਚ ਮ੍ਰਿਤਕਾ ਨੇ ਮਾਨਸਿਕ ਪਰੇਸ਼ਾਨੀ ਦੇ ਕਾਰਨਖੁਦਕੁਸਲੀ ਕਰਨ ਦੀ ਗੱਲ ਲਿਖੀ ਹੈ।

ਪੁਲਸ ਚੌਕੀ ਕੈਲਾਸ਼ ਦੇ ਇੰਚਾਰਜ ਕ੍ਰਿਸ਼ਨ ਲਾਲ ਅਨੁਸਾਰ ਮ੍ਰਿਤਕਾ ਦੀ ਪਹਿਚਾਨ ਆਸ਼ਾ ਰਾਣੀ ਵਜੋਂ ਹੋਈ ਹੈ ਜੋ ਆਪਣੀ 80 ਸਾਲਾ ਬੁੱਢੀ ਮਾਂ ਸੰਤੋਸ਼ ਰਾਣੀ ਨਾਲ ਚਾਰ ਸਾਲ ਤੋਂ ਉਸ ਘਰ ਦੀ ਦੂਸਰੀ ਮੰਜ਼ਿਲ ਉੱਤੇ ਕਿਰਾਏ ਉੱਤੇ ਰਹਿ ਰਹੀ ਸੀ। ਆਸ਼ਾ ਦੇ ਮਾਮਾ ਰਾਜੇਸ਼ ਕੁਮਾਰ ਨੇ ਦੱਸਿਆ ਕਿ ਸਾਲ 1994 ਵਿੱਚ ਆਸ਼ਾ ਦੇ ਪਿਤਾ ਦੀ ਮੌਤ ਹੋ ਗਈ ਸੀ ਅਤੇ ਕੁਝ ਸਮਾਂ ਪਹਿਲਾਂ ਉਸ ਦਾ ਇੱਕ ਭਰਾ ਰਾਜਸਥਾਨ ਚਲਿਆ ਗਿਆ ਸੀ, ਜਿਸ ਦੀ ਵੀ ਮੌਤ ਹੋ ਚੁੱਕੀ ਹੈ।ਦੋਵੇਂ ਮਾਂ-ਬੇਟੀ ਕਿਰਾਏ ਉੱਤੇ ਰਹਿੰਦੀਆਂ ਸਨ। ਦੁਪਹਿਰੇ ਲੱਗਭਗ ਦੋ ਵਜੇ ਆਸ਼ਾ ਰਾਣੀ ਨੇ ਘਰ ਦੀ ਤੀਸਰੀ ਮੰਜ਼ਿਲ ਉੱਤੇ ਜਾ ਕੇ ਖੁਦ ਉਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਲਈ। ਛੱਤ ਤੋਂ ਧੂਆਂ ਨਿਕਲਦਾ ਦੇਖ ਕੇਆਸ ਪਾਸ ਦੇ ਲੋਕਾਂ ਨੇ ਸ਼ੋਰ ਮਚਾਇਆ ਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਸੜ ਚੁੱਕੀ ਆਸ਼ਾ ਦੇ ਸ਼ਰੀਰ ਉੱਤੇ ਪਾਣੀ ਪਾ ਕੇ ਅੱਗ ਬਝਾਉਣੀ ਚਾਹੀ ਪਰ ਉਦੋ ਤਕ ਉਹ ਦਮ ਤੋੜ ਚੁੱਕੀ ਸੀ। ਪੁਲਸ ਨੇ ਘਟਨਾ ਦੇ ਬਾਰੇ ਫਿਲਹਾਲ ਉਸਦੀ ਬੁੱਢੀ ਮਾਂ ਨੂੰ ਨਹੀਂ ਦੱਸਿਆ।

# ਕਾਂਗਰਸੀ ਆਗੂ ਵੱਲੋਂ ਕਾਰ ਸਵਾਰਾਂ ਉਤੇ ਹਮਲੇ ਵਿੱਚ ਇੱਕ ਮੌਤ


ਕੋਟਕਪੂਰਾ, 18 ਅਗਸਤ (ਪੋਸਟ ਬਿਊਰੋ)- ਵਾੜਾ ਦਰਾਕਾ ਨੇੜੇ ਮੇਨ ਰੋਡ ਉੱਤੇ ਕਾਂਗਰਸ ਦੇ ਆਗੂ ਅਨੰਤਦੀਪ ਸਿੰਘ ਅਤੇ ਉਸ ਦੇ ਸਾਥੀਆਂ ਨੇ ਕਾਰ ਸਵਾਰ ਬਲਵਿੰਦਰ ਸਿੰਘ, ਨਵਜੋਤ ਸਿੰਘ ਅਤੇ ਮਨਦੀਪ ਸਿੰਘ ਉੱਤੇ ਹਮਲਾ ਕਰ ਦਿੱਤਾ। ਇਸ ਦੌਰਾਨ ਨਵਜੋਤ ਸਿੰਘ ਦੀ ਮੌਤ ਹੋ ਗਈ। ਪੁਲਸ ਨੇ ਕਾਂਗਰਸੀ ਆਗੂ ਅਨੰਤਦੀਪ ਸਿੰਘ ਉਰਫ ਰੋਮਾ ਬਰਾੜ ਸਮੇਤ ਤਿੰਨ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਅਤੇ ਅਗਲੀ ਕਾਰਵਾਈ ਚੱਲ ਰਹੀ ਹੈ।

ਪਤਾ ਲੱਗਾ ਹੈ ਕਿ ਤੇਜ਼ਧਾਰ ਹਥਿਆਰਾਂ ਨਾਲ ਲੈਸ ਕਰੀਬ ਪੰਦਰਾਂ ਜਣਿਆਂ ਨੇ ਕੋਟਕਪੂਰਾ ਤੇ ਪਿੰਡ ਵਾੜਾ ਦਰਾਕਾ ਵਿੱਚ ਕੱਲ੍ਹ ਦਹਿਸ਼ਤ ਫੈਲਾਈ ਰੱਖੀ। ਚਾਰ ਗੱਡੀਆਂ ਵਿੱਚ ਸਵਾਰ ਮੁਲਜ਼ਮਾਂ ਨੇ ਪਹਿਲਾਂ ਸਵੇਰੇ ਕਰੀਬ 11 ਵਜੇ ਸਥਾਨਕ ਮੁਕਤਸਰ ਰੋਡ ਉੱਤੇ ਬਿਜਲੀ ਘਰ ਅੱਗੇ ਇੱਕ ਸਵਿਫਟ ਕਾਰ ਰੋਕ ਕੇ ਉਸ ਵਿੱਚ ਸਵਾਰ ਚਰਨਜੀਤ ਸਿੰਘ, ਅਮਰਜੀਤ ਸਿੰਘ ਤੇ ਗੁਰਮੀਤ ਸਿੰਘ ਦੀ ਕੁੱਟਮਾਰ ਕੀਤੀ। ਫਿਰ 'ਗਲਤੀ ਨਾਲ ਉਨ੍ਹਾਂ ਉੱਤੇ ਹਮਲਾ ਹੋ ਗਿਆ' ਕਹਿ ਕੇ ਵਾੜਾ ਦਰਾਕਾ ਚਲੇ ਗਏ।ਪੁਲਸ ਸੂਤਰਾਂ ਅਨੁਸਾਰ ਇਸ ਮਗਰੋਂ ਦੁਪਹਿਰ 12 ਵਜੇ ਕਾਂਗਰਸੀ ਆਗੂ ਤੇ ਉਸ ਦੇ ਸਾਥੀਆਂ ਨੇ ਬਲਵਿੰਦਰ ਸਿੰਘ, ਨਵਜੋਤ ਸਿੰਘ ਤੇ ਮਨਦੀਪ ਸਿੰਘ ਉੱਤੇ ਹਮਲਾ ਕੀਤਾ ਤੇ ਹਵਾਈ ਫਾਇਰ ਕੀਤੇ। ਫਿਰ ਤੇਜ਼ਧਾਰ ਹਥਿਆਰਾਂ ਨਾਲ ਨਵਜੋਤ ਸਿੰਘ ਦੇ ਗੰਭੀਰ ਸੱਟਾਂ ਮਾਰੀਆਂ, ਜਿਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਭਰਤੀ ਕਰਵਾਇਆ ਗਿਆ, ਜਿੱਥੇ ਉਹ ਦਮ ਤੋੜ ਗਿਆ। ਸਦਰ ਪੁਲਸ ਨੇ ਅਨੰਤਦੀਪ ਸਿੰਘ, ਇਕਬਾਲ ਕੌਰ ਤੇ ਸੇਖਾ ਰਾਜੇਆਣਾ ਦੇ ਖਿਲਾਫ ਕੇਸ ਦਰਜ ਕੀਤਾ ਹੈ। ਜਾਂਚ ਅਫਸਰ ਥਾਣਾ ਮੁਖੀ ਇੰਸਪੈਕਟਰ ਮੁਖਤਿਆਰ ਸਿੰਘ ਮ੍ਰਿਤਕ ਦਾ ਫੁੱਫੜ ਹੈ। ਪੁਲਸ ਦੇ ਅਨੁਸਾਰ ਕਾਂਗਰਸੀ ਆਗੂ ਦੀ ਸਾਲੀ ਨਵਜੋਤ ਸਿੰਘ ਨਾਲ ਰਹਿੰਦੀ ਹੈ, ਜਿਸ ਕਰ ਕੇ ਦੋਵਾਂ ਦੀ ਰੰਜਿਸ਼ ਚੱਲ ਰਹੀ ਸੀ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

# ਪਛਤਾਵੇ ਦਾ ਪਰਛਾਵਾਂ

-ਹਰਜਿੰਦਰ ਸਿੰਘ ਗੁਲਪੁਰ

ਬਲਾਚੌਰ ਤੋਂ ਗੜ੍ਹਸ਼ੰਕਰ ਦੀ ਮੁੱਖ ਸੜਕ ਦੇ ਸੱਤਵੇਂ ਕਿਲੋਮੀਟਰ ਉੱਤੇ ਸੱਜੇ ਪਾਸੇ 1947 ਵਿੱਚ ਉਜੜ ਕੇ ਵਸਿਆ ਪਿੰਡ ਚਣਕੋਆ ਹੈ। ਵੰਡ ਤੋਂ ਪਹਿਲਾਂ ਇਹ ਮੁਸਲਮਾਨਾਂ ਦਾ ਘੁੱਗ ਵਸਦਾ ਪਿੰਡ ਹੁੰਦਾ ਸੀ। ਇਲਾਕੇ ਵਿੱਚ ਮੁਸਲਮਾਨ ਬਹੁ ਗਿਣਤੀ ਵਾਲੇ ਟਾਵੇਂ-ਟਾਵੇਂ ਹੋਰ ਪਿੰਡ ਵੀ ਸਨ; ਕਰਾਵਰ, ਰੁੜਕੀ ਮੁਗ਼ਲਾਂ, ਚਣਕੋਈ, ਸਾਹਿਬਾ ਆਦਿ। ਉਂਝ ਮੁਸਲਮਾਨ ਤੇਲੀਆਂ ਤੇ ਜੁਲਾਹਿਆਂ ਦੇ ਦੋ-ਚਾਰ ਘਰ ਤਕਰੀਬਨ ਹਰ ਪਿੰਡ ਵਿੱਚ ਸਨ। ਮੁਸਲਮਾਨਾਂ ਦਾ ਹਿੰਦੂ-ਸਿੱਖਾਂ ਦੇ ਪਿੰਡਾਂ ਨਾਲ ਬੜਾ ਸਹਿ-ਚਾਰ ਸੀ। ਰਹਿਮਤ ਖਾਂ ਦੀ ਸਖਾਵਤ ਦੀਆਂ ਗੱਲਾਂ ਬਜ਼ੁਰਗਾਂ ਤੋਂ ਅਕਸਰ ਸੁਣਦੇ ਸਾਂ। ਇੱਥੋਂ ਦਾ ਪ੍ਰਾਇਮਰੀ ਸਕੂਲ 1947 ਤੋਂ ਪਹਿਲਾਂ ਦਾ ਹੈ। ਇੱਥੋਂ ਦੇ ਅਧਿਆਪਕ ਫਤਹਿ ਮੁਹੰਮਦ ਨੂੰ ਕੌਣ ਨਹੀਂ ਜਾਣਦਾ। ਕਿਸੇ ਵੇਲੇ ਹਲਕੇ ਦੇ ਸਾਰੇ ਸਥਾਨਕ ਆਗੂ ਉਸ ਦੇ ਸ਼ਾਗਿਰਦ ਸਨ।

ਤੱਤੀ ਹਵਾ ਚੱਲਦਿਆਂ ਦੇਰ ਨਹੀਂ ਲੱਗਦੀ। ਆਜ਼ਾਦੀ ਤੋਂ ਦੋ-ਤਿੰਨ ਸਾਲ ਪਹਿਲਾਂ ਪਾਕਿਸਤਾਨ ਬਣ ਜਾਣ ਦੀਆਂ ਕਨਸੋਆਂ ਪਿੰਡਾਂ ਵਿੱਚ ਪੁੱਜ ਗਈਆਂ। ਦੇਖਦੇ ਦੇਖਦੇ ਚਿਹਰਿਆਂ ਦੇ ਰੰਗ ਬਦਲਣ ਲੱਗੇ। ਭਰਾਵਾਂ ਵਾਂਗ ਰਹਿੰਦੇ ਲੋਕ ਇੱਕ ਦੂਜੇ ਵੱਲ ਕੌੜਾ ਝਾਕਣ ਲੱਗੇ। ਬੇਯਕੀਨੀ ਦੀ ਦੀਵਾਰ ਉਸਰਨ ਲੱਗੀ। ਫਿਰਕਾਪ੍ਰਸਤੀ ਦਾ ਭੂਤ ਸਿਰ ਚੜ੍ਹ ਬੋਲਣ ਲੱਗਾ। ਰਾਤ ਨੂੰ ਸੁੱਤੇ ਪਿਆਂ ਦੇ ਕੰਨਾਂ ਵਿੱਚ 'ਬੋਲੇ ਸੋ ਨਿਹਾਲ' ਅਤੇ 'ਅੱਲ੍ਹਾ ਹੂ ਅਕਬਰ' ਦੇ ਹੋਕਰੇ ਗੂੰਜਣ ਲੱਗੇ। ਦਿਨ ਚੜ੍ਹਦਿਆਂ ਚਾਰੇ ਪਾਸੇ ਕਬਰਾਂ ਵਰਗੀ ਚੁੱਪ ਛਾ ਜਾਂਦੀ। ਚਿਹਰਿਆਂ ਉੱਤੇ ਤਣਾਅ ਸਪੱਸ਼ਟ ਦਿਸਦਾ ਤੇ ਮਾਹੌਲ ਵਿੱਚ ਅਜੀਬ ਤਰ੍ਹਾਂ ਦੀ ਘੁਟਣ। ਦੋਵਾਂ ਫਿਰਕਿਆਂ ਦੇ ਲੋਕ ਟੋਲੀਆਂ ਬੰਨ੍ਹ ਬੰਨ੍ਹ ਭੇਤਭਰੀਆਂ ਗੱਲਾਂ ਕਰਦੇ। ਮਰਦ ਵੇਲੇ ਕੁਵੇਲੇ ਘਰੋਂ ਬਾਹਰ ਜਾਣ ਵੇਲੇ ਆਪਣੇ ਕੋਲ ਹਥਿਆਰ ਰੱਖਣ ਲੱਗ ਪਏ। ਵੰਡ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਦੋਵੇਂ ਧਿਰਾਂ ਕਿਸੇ ਸੰਭਾਵੀ ਜੰਗ ਦੀ ਖੁਫੀਆ ਤਿਆਰੀ ਕਰਦੀਆਂ ਰਹੀਆਂ। ਪਿੰਡ ਪਿੰਡ ਲੋਹਾ ਕੁੱਟਿਆ ਜਾਣ ਲੱਗਾ।

ਆਖਰ ਦੇਸ਼ ਆਜ਼ਦ ਹੋ ਗਿਆ, ਪਰ ਪੰਜਾਬ ਉਜਾੜੇ ਦੇ ਰਾਹ ਪੈ ਗਿਆ। ਮਜ਼ਹਬੀ ਜੰਗ ਦੀ ਆੜ ਹੇਠ ਲੁਟੇਰਿਆਂ ਅਤੇ ਸਮਾਜ ਵਿਰੋਧੀ ਤੱਤਾਂ ਨੇ ਅਤਿ ਚੁੱਕ ਲਈ। 1952 ਵਿੱਚ ਬਤੌਰ ਅਧਿਆਪਕ ਸੇਵਾਮੁਕਤ ਹੋਏ ਮੇਰੇ ਬਾਬਾ ਮਾਸਟਰ ਬੰਤ ਰਾਮ ਛੋਕਰ ਅਤੇ ਇਲਾਕੇ ਦੇ ਹੋਰ ਅਨੇਕਾਂ ਬਜ਼ੁਰਗਾਂ ਤੋਂ ਸੁਣੀਆਂ ਗੱਲਾਂ ਅਨੁਸਾਰ 1947 ਦੀ ਭਾਦੋਂ ਦਾ ਪਹਿਲਾ ਪੱਖ ਸੀ। ਮੱਕੀ ਦੀ ਫਸਲ ਨੂੰ ਦਾਣਾ ਪੈਣਾ ਸ਼ੁਰੂ ਹੋ ਚੁੱਕਾ ਸੀ। ਬਲਾਚੌਰ ਹਲਕੇ ਵਿਚਲੇ ਮੁਸਲਮਾਨਾਂ ਦੇ 13 ਪਿੰਡਾਂ ਦਾ ਬੱਚ ਬੱਚਾ ਪਿੰਡ ਚਣਕੋਆ ਵਿੱਚ ਇਕੱਠਾ ਹੋ ਗਿਆ ਤਾਂ ਕਿ ਸੁਰੱਖਿਅਤ ਮੌਕਾ ਦੇਖ ਕੇ ਫੌਜ ਜਾਂ ਪੁਲਸ ਦੀ ਨਿਗਰਾਨੀ ਹੇਠ ਉਥੋਂ ਵੀਹ ਕਿਲੋਮੀਟਰ ਦੂਰ ਗੜ੍ਹਸ਼ੰਕਰ ਲੱਗੇ ਸ਼ਰਨਾਰਥੀ ਕੈਂਪ ਵਿੱਚ ਪਹੁੰਚਿਆ ਜਾ ਸਕੇ। ਇਹ ਇਕੱਠ ਇੱਕ ਤਰ੍ਹਾਂ ਨਾਲ ਸ਼ਿਕਾਰੀਆਂ ਤੋਂ ਬਚਣ ਲਈ ਸ਼ਿਕਾਰ ਹੋਣ ਵਾਲਿਆਂ ਦਾ ਸੀ, ਪਰ ਇਸ ਦੀਆਂ ਅਫਵਾਹਾਂ ਉਡ ਕੇ ਖੰਭਾਂ ਦੀਆਂ ਡਾਰਾਂ ਬਣ ਗਈਆਂ। ਇੱਕ ਅਫਵਾਹ ਸੀ ਕਿ ਸਾਰੇ ਇਲਾਕੇ ਦੇ ਮੁਸਲਮਾਨ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਕਿਸੇ ਵੇਲੇ ਵੀ ਉਨ੍ਹਾਂ ਦੇ ਪਿੰਡ ਉਤੇ ਹਮਲਾ ਕਰ ਸਕਦੇ ਹਨ। ਚਣਕੋਆ ਤੋਂ ਲਹਿੰਦੇ ਪਾਸੇ ਡੇਢ ਕਿਲੋਮੀਟਰ ਦੂਰ ਪਿੰਡ ਸਿੰਬਲ ਮਜਾਰਾ ਹੈ। ਇਸ ਦੇ ਉਤਰ ਵਾਲੇ ਪਾਸੇ ਓਦੋਂ ਅੰਬਾਂ ਦਾ ਬਹੁਤ ਵੱਡਾ ਬਾਗ਼ ਸੀ ਜਿਸ ਦੀ ਰਹਿੰਦ ਖੂੰਹਦ ਅਜੇ ਬਾਕੀ ਹੈ। 'ਸੰਤ' ਬਖਤਾਵਰ ਸਿੰਘ ਪਿੰਡ ਬੀਰੋਵਾਲ ਨੇ ਇਸ ਬਾਗ਼ ਵਿੱਚ ਭਾਦੋਂ ਦੇ ਪਹਿਲੇ ਪੱਖ ਦੇ ਕਿਸੇ ਦਿਨ ਇਕੱਠ ਕੀਤਾ। ਇਲਾਕੇ ਦੇ ਪਿੰਡਾਂ ਵਿੱਚ ਸੁਨੇਹੇ ਭੇਜੇ ਕਿ ਇਕੱਠ ਵਿੱਚ ਹਥਿਆਰਬੰਦ ਹੋ ਕੇ ਆਉਣਾ ਹੈ। ਸੁਨੇਹਾ ਦੇਣ ਵਾਲਿਆਂ ਵਿੱਚ ਮੇਰੇ ਪਿੰਡ ਗੁਲਪੁਰ ਦਾ ਮਿਹਰੂ ਵੀ ਸੀ।

ਮਿਥੇ ਹੋਏ ਦਿਨ ਬਹੁਤ ਵੱਡਾ ਇਕੱਠ ਹੋ ਗਿਆ, ਜਿਨ੍ਹਾਂ ਵਿੱਚ ਵੱਡੀ ਗਿਣਤੀ ਲੁਟੇਰਿਆਂ ਅਤੇ ਤਮਾਸ਼ਬੀਨਾਂ ਦੀ ਸੀ। ਇਸ ਇਕੱਠ ਵਿੱਚ ਭਾਵਨਾਵਾਂ ਏਦਾਂ ਭੜਕਾਈਆਂ ਕਿ ਉਸੇ ਵੇਲੇ ਚਣਕੋਆ ਉਤੇ ਹਮਲੇ ਦਾ ਫੈਸਲਾ ਹੋ ਗਿਆ। ਹਮਲੇ ਦਾ ਆਧਾਰ ਇਹ ਬਣਾਇਆ ਕਿ ਜੇ ਅੱਜ ਹਮਲਾ ਨਾ ਕੀਤਾ ਗਿਆ ਤਾਂ ਰਾਤ ਨੂੰ ਮੁਸਲਮਾਨ ਕਰ ਦੇਣਗੇ। ਚਣਕੋਆ ਤੋਂ ਕਰੀਬ ਸੱਤ-ਅੱਠ ਕਿਲੋਮੀਟਰ ਦੂਰ ਬੇਟ ਇਲਾਕੇ ਵਿੱਚ ਪੈਂਦੇ ਪਿੰਡ ਮੀਰਪੁਰ ਨੂੰ ਅੱਗ ਲਾਉਣ ਲਈ ਵੀ ਇਹੋ ਸੰਤ ਜ਼ਿੰਮੇਵਾਰ ਸੀ। ਇਉਂ ਹਥਿਆਰਬੰਦ ਬੰਦਿਆਂ ਦੇ ਬਰਛਿਆਂ, ਕਿਰਪਾਨਾਂ ਅਤੇ ਹੋਰ ਤੇਜ਼ਧਾਰ ਹਥਿਆਰਾਂ ਨਾਲ ਚਣਕੋਆ ਵਿੱਚ ਇਕੱਠੇ ਹੋਏ ਮੁਸਲਮਾਨਾਂ ਉੱਤੇ ਹੱਲਾ ਬੋਲ ਦਿੱਤਾ। ਕਈ ਘੰਟੇ ਗਹਿਗੱਚ ਲੜਾਈ ਹੋਈ, ਜਿਸ ਵਿੱਚ ਸੈਂਕੜੇ ਬੱਚੇ, ਮਰਦ, ਔਰਤਾਂ ਕਤਲ ਕਰ ਦਿੱਤੇ ਗਏ। ਕਈ ਔਰਤਾਂ ਨੇ ਆਪਣੀ ਆਬਰੂ ਬਚਾਉਣ ਲਈ ਮਸੀਤ ਨੇੜਲੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ ਸਨ (ਅੱਜਕੱਲ੍ਹ ਇਹ ਖੂਹ ਪੂਰ ਦਿੱਤਾ ਗਿਆ ਹੈ)। ਉਪਰੋਂ ਰਾਤ ਪੈ ਗਈ। ਵੱਡੀ ਗਿਣਤੀ ਵਿੱਚ ਮੁਸਲਮਾਨ ਹਥਿਆਰਾਂ ਦੇ ਜ਼ੋਰ ਨਾਲ ਹਨੇਰੇ ਦੀ ਓਟ ਵਿੱਚ ਪਿੰਡੋਂ ਨਿਕਲ ਗਏ। ਖੁਸ਼ਕਿਸਮਤ ਲੋਕ ਫਸਲਾਂ ਵਿੱਚ ਲੁਕਦੇ ਗੜ੍ਹਸ਼ੰਕਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚ ਗਏ। ਬਹੁਤ ਸਾਰੇ ਰਾਹ ਵਿੱਚ ਜਨੂਨੀਆਂ ਹੱਥੋਂ ਮਾਰੇ ਗਏ।

ਸਰਕਾਰ ਦੇ ਹਰਕਤ ਵਿੱਚ ਆਉਣ ਤੱਕ ਲੱਭ ਲੱਭ ਕੇ ਲੋਕਾਂ ਦਾ ਸ਼ਿਕਾਰ ਖੇਡਿਆ ਗਿਆ। ਧਾੜਵੀਆਂ ਨੇ ਬੇਸਹਾਰਾ ਔਰਤਾਂ ਨੂੰ ਜ਼ਬਰਦਸਤੀ ਰੱਖ ਲਿਆ। ਉਸ ਰਾਤ ਲੁਟੇਰਿਆਂ ਨੇ ਪਿੰਡ ਨੂੰ ਰੱਜ ਕੇ ਲੁੱਟਿਆ। ਰਹਿਮੇ ਨੂੰ ਆਸਪਾਸ ਲੱਗਦੇ ਪਿੰਡਾਂ ਦੇ ਉਨ੍ਹਾਂ ਲੋਕਾਂ ਨੇ ਪਰਵਾਰ ਸਮੇਤ ਕਤਲ ਕਰ ਦਿੱਤਾ, ਜਿਨ੍ਹਾਂ ਨੇ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਉਸ ਤੋਂ ਪੈਸੇ ਉਧਾਰ ਲਏ ਹੋਏ ਸਨ। ਕੇਵਲ ਉਧਾਰ ਮਾਰਨ ਦੀ ਨੀਤ ਨਾਲ ਮਾਨਵਤਾ ਨੂੰ ਦਾਗ਼ਦਾਰ ਕਰ ਦਿੱਤਾ। ਪਿੰਡ ਮਜਾਰੀ ਦਾ ਤੇਲੀ ਭਲਵਾਨ ਫਸਲਾਂ ਵਿੱਚੋਂ ਕੱਢ ਕੇ ਸਮੇਤ ਪਰਵਾਰ ਮਾਰ ਦਿੱਤਾ ਗਿਆ। ਸਾਡੇ ਗੁਆਂਢੀ ਪਿੰਡ ਕਰਾਵਰ ਦੇ ਕਿਸੇ ਕੋਠੇ ਦੇ ਖੱਲ ਖੂੰਜੇ ਲੁਕ ਕੇ ਬੈਠੇ ਨਿਜ਼ਾਮੂ ਤੇ ਉਸ ਦੇ ਨੌਂ-10 ਸਾਲਾ ਲੜਕੇ ਨੂੰ ਓਦੋਂ ਮੇਰੇ ਪਿੰਡ ਕੋਲੋਂ ਲੰਘਦੀ ਖੱਡ ਵਿੱਚ ਲਿਆ ਕੇ ਮਾਰ ਦਿੱਤਾ ਗਿਆ। ਕਤਲਾਂ ਤੇ ਮਾਰ-ਧਾੜ ਦਾ ਸਿਲਸਿਲਾ ਤਿੰਨ-ਚਾਰ ਦਿਨਾਂ ਤੱਕ ਚੱਲਦਾ ਰਿਹਾ। ਇੰਨੀ ਕਤਲੋਗਾਰਤ ਦੇ ਬਾਵਜੂਦ ਸਾਹਦੜਾ, ਸਾਹਿਬਾ, ਜੈਨਪੁਰ ਆਦਿ ਪਿੰਡਾਂ ਵਿੱਚ ਤੇਲੀ ਮੁਸਲਮਾਨਾਂ ਦੇ ਪਰਵਾਰ ਬਿਲਕੁਲ ਸੁਰੱਖਿਅਤ ਰਹੇ। ਇਲਾਕੇ ਵਿੱਚ ਅਮਨ-ਅਮਾਨ ਤੋਂ ਬਾਅਦ ਵੀ ਖੇਤਾਂ ਵਿੱਚੋਂ ਗਲੀਆਂ-ਸੜੀਆਂ ਲਾਸ਼ਾਂ ਮਿਲਦੀਆਂ ਰਹੀਆਂ।

ਜਦੋਂ ਇਸ ਦੁਖਦਾਈ ਅਤੇ ਘਿਨਾਉਣੀ ਘਟਨਾ ਦਾ ਜ਼ਿਕਰ ਬਜ਼ੁਰਗਾਂ (ਜੋ ਇਸ ਵੇਲੇ ਨਹੀਂ ਰਹੇ) ਦੇ ਸਾਹਮਣੇ ਛਿੜਦਾ ਸੀ, ਜਿਹੜੇ ਇਸ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਸ਼ਾਮਲ ਸਨ ਤਾਂ ਉਨ੍ਹਾਂ ਦੇ ਚਿਹਰਿਆਂ ਉਤੇ ਪਛਤਾਵੇ ਦਾ ਪਰਛਾਵਾਂ ਅਤੇ ਪੀੜ ਦਾ ਅਹਿਸਾਸ ਸਪੱਸ਼ਟ ਦੇਖਿਆ ਜਾ ਸਕਦਾ ਸੀ।

# ਕਿਸਾਨ ਅੰਦੋਲਨ ਦੇ ਵਧਦੇ ਕਦਮ

-ਲਖਬੀਰ ਸਿੰਘ ਨਿਜ਼ਾਮਪੁਰ



ਖੇਤੀ ਵਿਰੋਧੀ ਕਾਨੂੰਨਾਂ ਦੇ ਖਿਲਾਫ ਚੱਲਦੇ ਅੰਦੋਲਨ ਨੂੰ ਦਿੱਲੀ ਦੀਆਂ ਬਰੂਹਾਂ ਉੱਤੇ ਅੱਠ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਦੌਰਾਨ ਅੰਦੋਲਨ ਵਿੱਚ ਕਈ ਉਤਰਾਅ ਚੜ੍ਹਾਅ ਆਏ ਹਨ। ਅੰਦੋਲਨ ਨੂੰ ਅੰਦਰੂਨੀ ਅਤੇ ਬਾਹਰੀ ਤਾਕਤਾਂ ਲਗਾਤਾਰ ਢਾਹ ਲਾਉਣ ਦੀ ਤਾਕ ਵਿੱਚ ਰਹਿੰਦੀਆਂ ਹਨ। ਉਨ੍ਹਾਂ ਤਾਕਤਾਂ ਕੋਲੋਂ ਕਿਸਾਨ ਲੀਡਰਸ਼ਿਪ ਬਚਾਉਣ ਵਿੱਚ ਸਫਲ ਰਹੀ ਹੈ। ਕਿਸਾਨ ਆਗੂਆਂ ਸਾਹਮਣੇ ਘੋਲ ਦੇ ਮੌਜੂਦਾ ਰੂਪ ਦੇ ਨਾਲ ਇਸ ਅੰਦਰ ਨਵਾਂਪਣ ਲਿਆ ਕੇ ਅੱਗੇ ਵਧਾਉਣ ਦੀ ਚੁਣੌਤੀ ਰਹਿੰਦੀ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅੰਦੋਲਨ ਦੀ ਰੀੜ੍ਹ ਦੀ ਹੱਡੀ ਹਨ। ਵੱਖ-ਵੱਖ ਵਿਚਾਰਧਾਰਾਵਾਂ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਸ ਅੰਦੋਲਨ ਨੂੰ ਸਹਿਮਤੀ ਨਾਲ ਅੱਗੇ ਵਧਾਉਣ ਦੇ ਦਲੇਰਾਨਾ ਫੈਸਲੇ ਨੇ ਲੀਡਰਸ਼ਿਪ ਦੀ ਯੋਗਤਾ ਉੱਤੇ ਮੋਹਰ ਲਾਈ ਹੈ। ਸਮੇਂ-ਸਮੇਂ ਖੇਤੀ ਕਾਨੂੰਨਾਂ ਤੋਂ ਇਲਾਵਾ ਮਹਿੰਗਾਈ, ਡੀਜ਼ਲ ਤੇ ਪੈਟਰੋਲ ਦੀਆਂ ਵਧ ਰਹੀਆਂ ਕੀਮਤਾਂ ਉੱਤੇ ਸਫਲ ਐਕਸ਼ਨ ਕਰ ਕੇ ਸਮਾਜ ਦੇ ਬਾਕੀ ਵਰਗਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ ਹੈ।

ਅੰਦੋਲਨ ਦੇ ਛੇ ਮਹੀਨੇ ਹੋਣ ਉੱਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੂਰੇ ਦੇਸ਼ ਦੇ ਗਵਰਨਰਾਂ ਰਾਹੀਂ ਰਾਸ਼ਟਰਪਤੀ ਦੇ ਨਾਂਅ 'ਰੋਸ ਪੱਤਰ' ਦੇਣ ਦੇ ਸੱਦੇ ਉਪਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਜਿਵੇਂ ਜਨ ਸੈਲਾਬ ਪਹੁੰਚਿਆ, ਉਸ ਨੇ ਜਿਹੜੀਆਂ ਤਾਕਤਾਂ ਲਗਾਤਾਰ ਪ੍ਰਚਾਰ ਕਰਦੀਆਂ ਸਨ ਕਿ ਅੰਦੋਲਨ ਵਿੱਚ ਨੌਜਵਾਨਾਂ ਦੀ ਗਿਣਤੀ ਘੱਟ ਰਹੀ ਹੈ, ਅੰਦੋਲਨ ਲੰਮਾ ਹੋਣ ਕਰ ਕੇ ਇਸ ਵਿੱਚ ਨੀਰਸਤਾ ਆ ਗਈ ਹੈ, ਉਨ੍ਹਾਂ ਸਭ ਨੂੰ ਇਸ ਸਫਲ ਪ੍ਰੋਗਰਾਮ ਨੇ ਜਵਾਬ ਦਿੱਤਾ ਹੈ ਕਿ ਕਿਸਾਨ ਜਥੇਬੰਦੀਆਂ ਦੀ ਤਾਕਤ ਅੱਜ ਵੀ ਪਹਿਲਾਂ ਵਾਂਗ ਕਾਇਮ ਹੈ। ਉਨ੍ਹਾਂ ਦਾ ਆਧਾਰ ਲਗਾਤਾਰ ਵਧ ਰਿਹਾ ਹੈ। ਇਸ ਪ੍ਰੋਗਰਾਮ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਮੋਰਚੇ ਦੇ ਸੱਦੇ ਦਾ ਅਸਰ ਪੂਰੇ ਦੇਸ਼ ਪੱਧਰ ਉੱਤੇ ਫੈਲ ਚੁੱਕਾ ਹੈ।

ਕਿਸਾਨ ਲੀਡਰਸ਼ਿਪ ਦੀ ਯੋਗ ਅਗਵਾਈ ਹੇਠ ਉਲੀਕਿਆ ਪਾਰਲੀਮੈਂਟ ਅੱਗੇ ਰੋਸ ਧਰਨਾ ਸਫਲਤਾ ਨਾਲ ਨੇਪਰੇ ਚੜ੍ਹ ਚੁੱਕਾ ਹੈ। ਇਹ ਪ੍ਰੋਗਰਾਮ ਪਿਛਲੇ ਕਾਫੀ ਲੰਮੇ ਸਮੇਂ ਤੋਂ ਕਿਸਾਨ ਲੀਡਰਸ਼ਿਪ ਦੇ ਵਿਚਾਰ ਅਧੀਨ ਸੀ, ਪਰ ਉਨ੍ਹਾਂ ਲਈ ਚੁਣੌਤੀ 26 ਜਨਵਰੀ ਦੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਵਾਲਿਆਂ ਸਰਕਾਰੀ ਤੇ ਗੈਰ ਸਰਕਾਰੀ ਧਿਰਾਂ ਤੋਂ ਬਚਾਅ ਕੇ ਕਾਮਯਾਬੀ ਨਾਲ ਨੇਪਰੇ ਚਾੜ੍ਹਨ ਦੀ ਸੀ। ਕਿਸਾਨ ਜਥੇਬੰਦੀਆਂ ਦੀ ਲੰਮੀ ਵਿਚਾਰ ਮਗਰੋਂ ਇਸ ਦੇ ਮੌਜੂਦ ਰੂਪ ਉੱਤੇ ਅਮਲ ਕਰਨਾ ਹੀ ਸਫਲ ਅਤੇ ਹੰਢੀ-ਵਰਤੀ ਲੀਡਰਸ਼ਿਪ ਦੀ ਯੋਗਤਾ ਉੱਤੇ ਮੋਹਰ ਸਾਬਤ ਹੋਇਆ। ਕਿਸਾਨ ਆਗੂਆਂ ਨੇ ਸੰਸਾਰ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੀ ਵਿਰੋਧੀ ਧਿਰ ਨੂੰ 'ਵੋਟਰ ਵ੍ਹਿਪ' ਜਾਰੀ ਕਰ ਕੇ ਪਾਰਲੀਮੈਂਟ ਸੈਸ਼ਨ ਵਿੱਚ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕੰਮ ਕਰਨ ਨੂੰ ਕਿਹਾ। ਇਸ ਦਾ ਅਸਰ ਇਸ ਵਾਰ ਦੇ ਸਾਰੇ ਸੈਸ਼ਨ ਵਿੱਚ ਦੇਖਣ ਨੂੰ ਮਿਲਿਆ।

ਕਿਸਾਨ ਆਗੂਆਂ ਦੀ ਯੋਗਤਾ ਨੇ 22 ਜੁਲਾਈ ਤੋਂ ਸ਼ੁਰੂ ਹੋਏ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੇ ਬਰਾਬਰ ਰੋਜ਼ 20 ਵਲੰਟੀਅਰ ਬਕਾਇਦਾ ਮੋਰਚੇ ਦੀ ਰਣਨੀਤੀ ਅਨੁਸਾਰ ਭੇਜਣ ਦਾ ਐਲਾਨ ਕੀਤਾ। ਇਸ ਐਲਾਨ ਨਾਲ ਵਲੰਟੀਅਰਾਂ ਨੂੰ ਸਰਕਾਰ ਦੇ ਹਰ ਜਬਰ ਅਤੇ ਸਬਰ ਨਾਲ ਮੁਕਾਬਲਾ ਕਰਨ ਤੇ ਲੋੜ ਪੈਣ ਉੱਤੇ ਗ੍ਰਿਫਤਾਰੀਆਂ ਦੇਣ ਦੇ ਫੈਸਲੇ ਨੇ ਸਰਕਾਰ ਨੂੰ ਮੁਸ਼ਕਲ ਹਾਲਤ ਵਿੱਚ ਫਸਾ ਦਿੱਤਾ। ਗ੍ਰਿਫਤਾਰੀਆਂ ਦੀ ਸੂਰਤ ਵਿੱਚ ਜੇਲ੍ਹ ਜਾਣ ਵਾਲੇ ਕਿਸਾਨਾਂ ਵੱਲੋਂ ਜ਼ਮਾਨਤਾਂ ਨਾ ਕਰਵਾਉਣ ਦੇ ਫੈਸਲੇ ਨੇ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

ਓਧਰ ਇਸ ਐਲਾਨ ਦੇ ਨਾਲ ਮੋਰਚੇ ਦੇ ਆਗੂਆਂ ਨੇ ਜਿੱਥੇ ਪਹਿਲਾਂ ਸਰਕਾਰ ਨਾਲ ਗੱਲਬਾਤ ਕਰਨ ਜਾਣ ਵਾਲੀਆਂ ਚਾਲੀ ਜਥੇਬੰਦੀਆਂ ਨੂੰ ਇਸ ਐਕਸ਼ਨ ਵਿੱਚ ਪਾਉਣ ਦੀ ਯੋਜਨਾ ਸੀ ਅਤੇ ਇਸ ਅਨੁਸਾਰ ਹਰ ਜਥੇਬੰਦੀ ਨੂੰ ਰੋਜ਼ਾਨਾ ਪੰਜ ਵਲੰਟੀਅਰਾਂ ਦੀ ਲਿਸਟ ਜਮ੍ਹਾਂ ਕਰਵਾਉਣ ਦਾ ਫੈਸਲਾ ਸੀ, ਪਰ ਦੇਸ਼ ਪੱਧਰ ਉੱਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਇਸ ਪ੍ਰੋਗਰਾਮ ਸੰਬੰਧੀ ਉਤਸ਼ਾਹ ਕਾਰਨ ਮੋਰਚੇ ਨੂੰ ਆਪਣੀ ਰਣਨੀਤੀ ਬਦਲਣੀ ਪਈ ਤੇ ਪਹਿਲਾਂ ਤੈਅ ਕੀਤਾ ਕੋਟਾ ਘਟਾ ਕੇ ਤਿੰਨ ਕਰਨਾ ਪਿਆ। ਦੇਸ਼ ਭਰ ਵਿੱਚੋਂ ਆ ਰਹੇ ਕਿਸਾਨ ਪ੍ਰਤੀਨਿਧਾਂ ਦੀਆਂ ਬੇਨਤੀਆਂ ਦਾ ਧਿਆਨ ਰੱਖਦੇ ਹੋਏ ਮੋਰਚੇ ਦੇ ਆਗੂਆਂ ਨੂੰ ਰੋਜ਼ ਇਸ ਦੀ ਰਣਨੀਤੀ ਤੈਅ ਕਰਨੀ ਪੈਂਦੀ। ਇਸ ਦਾ ਹਿੱਸਾ ਬਣਨ ਲਈ ਇਸ ਅੰਦੋਲਨ ਦੇ ਹਮਾਇਤੀਆਂ ਵਿੱਚ ਭਾਰੀ ਉਤਸ਼ਾਹ ਹੋਣ ਕਰ ਕੇ ਸਾਰਿਆਂ ਨੂੰ ਭੇਜਣਾ ਸੰਭਵ ਨਹੀਂ ਸੀ, ਇਸ ਕਾਰਨ ਕੁਝ ਮਹੱਤਵ ਪੂਰਨ ਸੰਸਥਾਵਾਂ, ਜਿਨ੍ਹਾਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸ਼ਾਮਲ ਹੈ, ਦੇ ਵਫਦ ਇਸ ਵਿੱਚ ਜਾਣ ਵਿੱਚ ਕਾਮਯਾਬ ਹੋਏ। ਪੂਰੇ ਦੇਸ਼ ਵਿੱਚੋਂ ਵੱਖ-ਵੱਖ ਰਾਜਾਂ ਦੇ ਵਫਦਾਂ ਨੇ ਕਿਸਾਨ ਪਾਰਲੀਮੈਂਟ ਦਾ ਹਿੱਸਾ ਬਣ ਕੇ ਸਾਬਤ ਕਰ ਦਿੱਤਾ ਕਿ ਅੰਦੋਲਨ ਪੂਰੇ ਭਾਰਤ ਦਾ ਹੈ। ਸ਼ਾਇਦ ਹੀ ਭਾਰਤ ਦਾ ਕੋਈ ਐਸਾ ਸੂਬਾ ਹੋਵੇਗਾ, ਜਿਸ ਦਾ ਵਫਦ ਇਸ ਦਾ ਹਿੱਸਾ ਨਾ ਬਣ ਸਕਿਆ ਹੋਵੇ।

ਕਿਸਾਨ ਆਗੂਆਂ ਦੀ ਦੂਰਅੰਦੇਸ਼ੀ ਸੋਚ ਨੇ ਸਰਕਾਰੀ ਪਾਰਲੀਮੈਂਟ ਦੇ ਬਰਾਬਰ 'ਜਨ ਸੰਸਦ' ਦਲਾਉਣ ਦਾ ਐਲਾਨ ਕਰ ਕੇ ਸਰਕਾਰੀ ਪਾਰਲੀਮੈਂਟ ਮੈਂਬਰਾਂ ਦੇ ਮੁਕਾਬਲੇ ਆਪਣੇ ਜਨ ਪ੍ਰਤੀਨਿਧੀ ਭੇਜਣ ਅਤੇ ਪਾਰਲੀਮੈਂਟ ਵਾਂਗ ਸਪੀਕਰ ਤੇ ਡਿਪਟੀ ਸਪੀਕਰ ਬਣ ਕੇ ਖੇਤੀ ਕਾਨੂੰਨਾਂ ਉੱਤੇ ਬਹਿਸ ਕਰਵਾਉਣ ਦਾ ਐਲਾਨ ਕਰ ਦਿੱਤਾ। ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਕਾਂਡ ਇਸ ਪ੍ਰੋਗਰਾਮ ਨੇ ਲਿਖ ਦਿੱਤਾ। ਇਸ ਦੀ ਸਫਲਤਾ ਨੇ ਪੂਰੀ ਦੁਨੀਆ ਦਾ ਧਿਆਨ ਬੀਤੇ ਅੱਠ ਮਹੀਨਿਆਂ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਵੱਲ ਇੱਕ ਵਾਰ ਫਿਰ ਖਿੱਚਿਆ। ਇਸ ਸੰਸਦ ਵਿੱਚ ਦੋ ਦਿਨ 26 ਜੁਲਾਈ ਅਤੇ ਨੌਂ ਅਗਸਤ ਕਿਸਾਨ ਔਰਤਾਂ ਦੀ ਸੰਸਦ ਚਲਾ ਕੇ ਸੁਨੇਹਾ ਦਿੱਤਾ ਕਿ ਕਿਸਾਨ ਔਰਤਾਂ ਦੀ ਵੀ ਅੰਦੋਲਨ ਵਿੱਚ ਬਰਾਬਰ ਭਾਈਵਾਲ ਹਨ। ਇਸ ਸੰਸਦ ਵਿੱਚ ਕਿਸਾਨ ਵਫਦਾਂ ਤੋਂ ਬਿਨਾ ਉਘੇ ਖੇਤੀ ਆਰਥਿਕ ਮਾਹਰ ਦਵਿੰਦਰ ਸ਼ਰਮਾ, ਜਤਿੰਦਰ ਸਿੰਘ ਘੁੰਮਣ, ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਸੰਬੋਧਨ ਕੀਤਾ। ਕਿਸਾਨ ਪਾਰਲੀਮੈਂਟ ਬਾਰੇ ਜਿੱਥੇ ਦੇਸ਼ ਦੇ ਪ੍ਰਚਾਰ ਮੀਡੀਆ, ਸਮੇਤ ਗੋਦੀ ਮੀਡੀਆ ਨੇ ਨੋਟਿਸ ਲਿਆ ਸੀ, ਉਥੇ ਵਿਦੇਸ਼ੀ ਮੀਡੀਆ ਨੇ ਇਸ ਦੀ ਖਾਸ ਕਵਰੇਜ਼ ਕਰ ਕੇ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ। ਕਿਸਾਨ ਪਾਰਲੀਮੈਂਟ ਵਿੱਚ ਰੋਜ਼ ਖੇਤੀ ਬਿੱਲਾਂ ਉੱਤੇ ਬਹਿਸ ਕਰ ਕੇ ਉਨ੍ਹਾਂ ਨੂੰ ਰੱਦ ਕਰਨ ਦਾ ਫੈਸਲਾ ਪ੍ਰੈੱਸ ਅੰਦਰ ਚਰਚਿਤ ਰਿਹਾ। ਉਥੇ ਆਖਰੀ ਦਿਨ ਨੌਂ ਅਗਸਤ ਨੂੰ ਮਹਾਤਮਾ ਗਾਂਧੀ ਵੱਲੋਂ ਉਸ ਦਿਨ 'ਅੰਗਰੇਜ਼ੋ ਭਾਰਤ ਛੱਡੋ' ਦੇ ਨਾਅਰੇ ਨੂੰ ਬੁਲੰਦ ਕਰਦਿਆਂ ਕੇਂਦਰ ਦੀ ਸਰਕਾਰ ਦੇ ਖਿਲਾਫ ਬੇਭਰੋਸਗੀ ਮਤਾ ਪਾਸ ਕਰ ਕੇ ਇਸ ਮੰਗ ਕਿ 'ਕਾਰਪੋਰੇਟ ਖੇਤੀ ਛੱਡੋ, ਮੋਦੀ ਗੱਦੀ ਛੱਡੋ' ਨਾਲ ਇਹ ਸੰਸਦ ਸਮਾਪਤ ਕੀਤੀ। ਇਸ ਦੀ ਖਾਸ ਗੱਲ ਇਹ ਸੀ ਕਿ ਦੁਨੀਆ ਦੇ ਇਤਿਹਾਸ ਅੰਦਰ ਵਿਰੋਧੀ ਧਿਰ ਦੇ ਐੱਮ ਪੀਜ਼ ਨੇ ਸਰਕਾਰੀ ਪਾਰਲੀਮੈਂਟ ਛੱਡ ਕੇ ਕਿਸਾਨ ਪਾਰਲੀਮੈਂਟ ਵਿੱਚ ਦਰਸ਼ਕ ਗੈਲਰੀ ਵਿੱਚ ਬੈਠ ਕੇ ਅੰਦੋਲਨ ਦੀ ਹਮਾਇਤ ਵਿੱਚ ਹਾਜ਼ਰੀ ਭਰੀ। ਉਥੇ ਇਨ੍ਹਾਂ ਨੂੰ ਸਿਰਫ ਬੈਠ ਕੇ ਦੇਖਣ ਦੀ ਇਜਾਜ਼ਤ ਸੀ, ਇਹ ਸਭ ਕੁਝ ਕਿਸਾਨ ਅੰਦੋਲਨ ਦੀ ਲਗਾਤਾਰ ਵਧ ਰਹੀ ਤਾਕਤ ਦਾ ਸਿੱਟਾ ਹੈ।

## ਖੌਫ਼- ਏ-ਤਾਲਿਬਾਨ .....

ਜਿਸ ਬਾਤ ਦਾ ਡਰ ਸੀ ਉਹੀ ਹੋਇਆ,
ਵਰਤਿਆ ਭਾਣਾ ਅਫਗਾਨਿਸਤਾਨ ਲੋਕੋ।
ਕੋਹ ਕੇ ਮਾਰ ਸੁੱਟੇ ਵੱਡੇ ਧਰਮੀਆਂ ਨੇ,
ਵਾਂਙ ਜਾਨਵਰਾਂ ਦੇ ਇਨਸਾਨ ਲੋਕੋ।
ਕਿਹੜੇ ਧਰਮ ਦੀ ਇਹ ਗੱਲ ਕਰਦੇ,
ਹਬਸ਼ੀ, ਦਰਿੰਦੇ, ਲੁੱਟਣ ਈਮਾਨ ਲੋਕੋ।
ਅੱਲਾ ਦੇ ਨਾਂ ਤੇ ਸਭ ਨੂੰ ਦੁਖੀ ਕੀਤਾ,
ਬਣ ਗਏ ਭੇੜੀਏ ਅਤੇ ਹੈਵਾਨ ਲੋਕੋ।
ਦਹਿਸ਼ਤ ਦਾ ਮਹੌਲ ਹੈ ਹਰ ਪਾਸੇ,
ਪਰ ਅੰਦਰੋਂ ਖੁਸ਼ ਹੈ ਪਾਕਿਸਤਾਨ ਲੋਕੋ।
ਹਰ ਕੋਈ ਚਾਹੇ ਦੇਸ਼ ਵਿੱਚੋਂ ਭੱਜ ਜਾਣਾ,
ਆਦਮੀ ਡਿੱਗਦੇ ਵਿੱਚੋਂ ਅਸਮਾਨ ਲੋਕੋ।
ਕਦੇ ਹੁੰਦਾ ਸੀ ਖੂਬਸੂਰਤ ਵਾਂਙ ਜੰਨਤ,
ਜ਼ਾਲਮਾਂ ਬਣਾ 'ਤਾ ਕਬਰਸਤਾਨ ਲੋਕੋ।
ਬਾਹਰੀ ਤਾਕਤਾਂ ਨੂੰ ਦੱਸੋ ਕੀ ਮਿਲਿਆ,
ਜੱਗ ਜਾਣਦਾ, ਸਨ ਬੇਈਮਾਨ ਲੋਕੋ।
ਥਾਂ ਥਾਂ ਕੁਰਲਾਹਟ ਹੈ ਮਚ ਉੱਠਿਆ,
ਤਾਲਿਬਾਨ ਸੰਭਾਲ ਲਈ ਕਮਾਨ ਲੋਕੋ।
ਕਹਿੰਦੇ ਇਸਲਾਮਿਕ ਦੇਸ਼ ਐਲਾਨ ਦਿੱਤਾ,
ਜਾਰੀ ਕੀਤੇ ਨਵੇਂ ਫੁਰਮਾਨ ਲੋਕੋ।
ਕੋਈ ਕਰੇ ਮਜ਼ਲੂਮਾਂ ਦੀ ਆ ਰੱਖਿਆ,
'ਹਕੀਰ' ਅੱਲਾ ਜਾਂ ਭਗਵਾਨ ਲੋਕੋ।

ਸੁਲੱਖਣ ਸਿੰਘ +647-786-6329

## ਬਿਊਟੀ ਟਿਪਸ: ਸਕਿਨ ਦੇ ਲਈ ਖਜ਼ਾਨੇ ਤੋਂ ਘੱਟ ਨਹੀਂ ਪਪੀਤਾ

1. ਡੈੱਡ ਸਕਿਨ ਨੂੰ ਹਟਾਉਣ ਲਈ ਬੈਸਟ ਹੈ ਪਪੀਤਾ। ਇਸ ਵਿੱਚ ਭਰਪੂਰ ਮਾਤਰਾ ਵਿੱਚ ਵਿਟਾਮਿਨ ਏ ਅਤੇ ਪੈਪੇਨ ਐਂਜਾਇਮ ਹੁੰਦਾ ਹੈ। ਪਪੀਤਾ ਡੈੱਡ ਸਕਿਨ ਨੂੰ ਹਟਾਉਣ ਦਾ ਕੰਮ ਕਰਦਾ ਹੈ। ਨਾਲ ਹੀ ਇਹ ਸਕਿਨ ਨੂੰ ਹਾਈਡ੍ਰੇਟੇਡ ਰੱਖਦਾ ਹੈ। ਜੇ ਤੁਸੀਂ ਗਲੋਇੰਗ ਸਕਿਨ ਚਾਹੁੰਦੇ ਹੋ ਤਾਂ ਤੁਹਾਨੂੰ ਪਪੀਤੇ ਅਤੇ ਸ਼ਹਿਦ ਦੇ ਮਾਸਕ ਦਾ ਇਸਤੇਮਾਲ ਕਰਨਾ ਚਾਹੀਦੈ। ਅੱਧਾ ਕੱਟਿਆ ਪਪੀਤਾ ਲੈ ਕੇ ਉਸ ਵਿੱਚ ਤਿੰਨ ਚਮਚ ਸ਼ਹਿਦ ਮਿਲਾ ਲਓ। ਇਸ ਨੂੰ ਚਿਹਰੇ ਸਮੇਤ ਗਰਦਨ ਤੱਕ ਲਗਾਓ। ਵੀਹ ਮਿੰਟ ਤੱਕ ਲੱਗਾ ਰਹਿਣ ਦਿਓ ਅਤੇ ਇਸ ਦੇ ਬਾਅਦ ਠੰਢੇ ਪਾਣੀ ਨਾਲ ਚਿਹਰਾ ਸਾਫ ਕਰ ਲਓ।

2.ਪਿੰਪਲ ਦੀ ਪ੍ਰਾਬਲਮ ਤੋਂ ਬਚਾਏਗਾ ਪਪੀਤਾ। ਜੇ ਤੁਸੀਂ ਪਿੰਪਲ ਦੀ ਪ੍ਰਾਬਲਮ ਤੋਂ ਪਰੇਸ਼ਾਨ ਹੋ ਤਾਂ ਪਪੀਤਾ ਤੁਹਾਡੇ ਕੰਮ ਦੀ ਚੀਜ਼ ਹੈ। ਕਿੱਲ-ਮੁਹਾਸੇ ਘੱਟ ਹੋ ਜਾਣ ਉੱਤੇ ਵੀ ਚਿਹਰੇ ਉੱਤੇ ਦਾਗ ਰਹਿ ਜਾਂਦੇ ਹਨ ਜਿਸ ਕਾਰਨ ਚਿਹਰੇ ਦੀ ਰੰਗਤ ਘੱਟ ਹੋ ਜਾਂਦੀ ਹੈ। ਜੇ ਤੁਸੀਂ ਵੀ ਅਜਿਹੀ ਸਮੱਸਿਆ ਤੋਂ ਪ੍ਰੇਸ਼ਾਨ ਹੋ ਤਾਂ ਪਪੀਤੇ ਦਾ ਇੱਕ ਟੁਕੜਾ ਲੈ ਕੇ ਚਿਹਰੇ ਉੱਤੇ ਮਲ ਲਓ। ਰੋਜ਼ਾਨਾ ਵੀਹ ਮਿੰਟ ਅਜਿਹਾ ਕਰਨ ਨਾਲ ਤੁਹਾਡੇ ਚਿਹਰੇ ਦੇ ਸਾਰੇ ਦਾਗ ਸਾਫ ਹੋ ਜਾਣਗੇ।

3. ਫਟੀਆਂ ਅੱਡੀਆਂ ਨੂੰ ਸਾਫ ਬਣਾਏ ਪਪੀਤਾ। ਚਿਹਰੇ ਦੇ ਨਾਲ ਹੀ ਪਪੀਤਾ ਫਟੀਆਂ ਅੱਡੀਆਂ ਦੇ ਲਈ ਵੀ ਬਹੁਤ ਬਿਹਤਰੀਨ ਹੈ। ਫਟੀਆਂ ਅੱਡੀਆਂ ਵਿੱਚ ਇਸ ਦੇ ਇਸਤੇਮਾਲ ਨਾਲ ਫਾਇਦਾ ਹੁੰਦਾ ਹੈ।

4.ਡੈਂਡਰਫ ਪ੍ਰਾਬਲਮ ਨੂੰ ਦੂਰ ਕਰਨ ਵਿੱਚ ਮਦਦ ਕਰੇ ਪਪੀਤਾ। ਪਪੀਤਾ ਹੇਅਰ ਮਾਸਕ ਡਰਾਈ ਅਤੇ ਬੇਜਾਨ ਸਕੈਲਪ ਨੂੰ ਪੋਸ਼ਿਤ ਕਰਨ ਦਾ ਕੰਮ ਕਰਦਾ ਹੈ। ਪਪੀਤੇ ਦੇ ਬੀਜ ਕੱਢ ਕੇ ਉਸ ਨੂੰ ਚੰਗੀ ਤਰ੍ਹਾਂ ਮਸਲ ਲਓ। ਉਸ ਵਿੱਚ ਅੱਧਾ ਕੱਪ ਦਹੀਂ ਮਿਲਾ ਲਓ। ਇਸ ਪੇਸਟ ਨੂੰ ਕਰੀਬ ਤੀਹ ਮਿੰਟ ਵਾਲਾਂ ਵਿੱਚ ਲੱਗਾ ਰਹਿਣ ਦਿਓ। ਅਜਿਹਾ ਕਰਨ ਨਾਲ ਸਕੈਲਪ ਨੂੰ ਪੋਸ਼ਣ ਅਤੇ ਡੈਂਡਰਫ ਪ੍ਰਾਬਲਮ ਤੋਂ ਰਾਹਤ ਵੀ ਮਿਲੇਗੀ।

5. ਵਿਟਾਮਿਨ, ਇੰਜਾਈਮਸ ਅਤੇ ਮਿਨਲਰਸ ਦਾ ਖਜ਼ਾਨਾ ਹੈ ਪਪੀਤਾ। ਪਪੀਤਾ ਵਿਟਾਮਿਨ, ਇੰਜਾਈਮਸ ਅਤੇ ਮਿਨਰਲਸ ਦਾ ਖਜ਼ਾਨਾ ਹੈ। ਆਪਣੇ ਇਨ੍ਹਾਂ ਗੁਣਾਂ ਕਾਰਨ ਇਹ ਇੱਕ ਨੈਚੁਰਲ ਕੰਡੀਸ਼ਨਰ ਵੀ ਹੈ। ਇਹ ਵਾਲਾਂ ਨੂੰ ਸ਼ਾਇਨੀ ਅਤੇ ਸਾਫਟ ਬਣਾਉਣ ਦਾ ਕੰਮ ਕਰਦਾ ਹੈ।

## ਮਾਂ


ਸੁਖਚੈਨ ਸਿੰਘ, ਠੱਠੀ ਭਾਈ

ਮਾਂ ਦੇ ਪਿਆਰ ਵਾਲੀ ਵੇਖੀ ਮੈਂ ਰੁੱਤ ਜੀ
ਕਹਾ ਬੁਰਾ ਭਲਾ ਫੇਰ ਕਰੇ ਪੁੱਤ ਪੁੱਤ ਜੀ
ਸੱਚੀ ਗੱਲ ਤੁਰ ਜਾਣ ਮਾਂਵਾਂ ਨਾ ਥਿਆਉਂਦੀਆ
ਮਰਨ ਤੋਂ ਬਾਅਦ ਵੀ ਮਾਂਵਾਂ ਚੇਤੇ ਆਉਂਦੀਆਂ।

ਮਾਂ ਜਿਹਾ ਸੇਵਦਾਰ ਕੋਈ ਨਾ ਜਾਣੇ ਜੱਗ ਜੀ
ਕਰਾਵੇ ਪਿਉ ਨਾਲ ਪੂਣੀ ਸੁਭਾ ਬੰਨੇ ਪੱਗ ਜੀ
ਮਾਂਵਾਂ ਸੌਂਦੀਆਂ ਨੇ ਗਿੱਲੇ ਬੱਚੇ ਸੁੱਕੇ ਪਾਉਂਦੀਆਂ
ਮਰਨ ਤੋਂ ਬਾਅਦ ਵੀ ਮਾਂਵਾਂ ਚੇਤੇ ਆਉਂਦੀਆਂ।

ਮਾਂ ਮੰਗਦੀ ਦੁਆਵਾਂ ਰਹੇ ਸੁਖੀ ਪਰਿਵਾਰ ਜੀ
ਹੋਜ਼ੇ ਬੱਚਿਆਂ ਨਾ ਗੁੱਸੇ ਰੱਖੇ ਪਰਦੇ ਹਜ਼ਾਰ ਜੀ
ਗੁਰੂ ਦੇ ਦੁਆਰੇ ਜਾ ਅਰਦਾਸ ਵੀ ਕਰਾਉਂਦੀਆਂ
ਮਰਨ ਤੋਂ ਬਾਅਦ ਵੀ ਮਾਂਵਾਂ ਚੇਤੇ ਆਉਂਦੀਆਂ।

ਸੰਸਾਰ ਉੱਤੇ ਮਾਂ ਦਾ ਹੈ ਰੁਤਬਾ ਮਹਾਨ ਜੀ
ਬੱਚਿਆਂ ਦੀ ਹੁੰਦੀ ਮਾਂ ਦੀ ਜਾਨ ਵਿੱਚ ਜਾਨ ਜੀ
ਸੁਖਚੈਨ ,ਸਾਰੇ ਰਹਿਣ ਸੁਖੀ ਏ ਗੱਲ ਚਹਾਉਂਦੀਆ
ਮਰਨ ਤੋਂ ਬਾਅਦ ਵੀ ਮਾਂਵਾਂ ਚੇਤੇ ਆਉਂਦੀਆਂ।



ਸੁਖਚੈਨ ਸਿੰਘ, ਠੱਠੀ ਭਾਈ
00971527632924

## ਕਹਾਣੀ

## ਸੀਰਤ

-ਦੀਪ ਚੌਹਾਨ-

ਮਾਪਿਆਂ ਦੀ ਲਾਡਲੀ ਮਨਸੀਰਤ ਨੂੰ ਘਰ ਵਿੱਚ ਸਾਰੇ ਪਿਆਰ ਨਾਲ ਸੀਰਤ ਕਹਿੰਦੇ ਸਨ। ਵੱਡੀ ਭੈਣ ਵੱਡੀ ਹੋਣ ਕਾਰਨ ਉਸ ਤੋਂ ਘਰ ਦਾ ਸਾਰਾ ਕੰਮ ਕਰਵਾ ਲੈਂਦੀ ਤੇ ਛੋਟਾ ਭਰਾ ਲਾਡਲਾ ਹੋਣ ਕਾਰਨ ਵੈਸੇ ਹੀ ਕਿਸੇ ਕੰਮ ਨੂੰ ਹੱਥ ਨਾ ਲਾਉਂਦਾ ਤੇ ਨਾ ਉਸ ਨੂੰ ਕੋਈ ਲਾਉਣ ਦਿੰਦਾ ਸੀ। ਸੀਰਤ ਬਚਪਨ ਤੋਂ ਹੀ ਆਪਣੇ ਛੋਟੇ ਭਰਾ ਦੀ ਹਰ ਖਾਹਿਸ਼ ਪੂਰੀ ਕਰਨ ਦੀ ਕੋਸ਼ਿਸ਼ ਕਰਦੀ। ਘਰ ਦਿਆਂ ਵੱਲੋਂ ਉਸ ਨੂੰ ਮਿਲੇ ਪੈਸਿਆਂ ਦੀ ਚੀਜ਼ ਵੀ ਉਸੇ ਨੂੰ ਲੈ ਦਿੰਦੀ। ਸੀਰਤ ਦੀ ਮਾਂ ਨੂੰ ਕੈਂਸਰ ਸੀ, ਜਿਸ ਦਾ ਕਾਫੀ ਸਮੇਂ ਤੋਂ ਇਲਾਜ ਚੱਲ ਰਿਹਾ ਸੀ। ਘਰ ਵਿੱਚ ਕਮਾਈ ਦਾ ਸਾਧਨ ਸਿਰਫ ਖੇਤੀਬਾੜੀ ਸੀ। ਜਿੱਥੇ ਵੀ ਕੋਈ ਦੱਸਦਾ, ਸੀਰਤ ਦਾ ਪਿਤਾ ਉਸ ਦੀ ਮਾਂ ਨੂੰ ਲੈ ਕੇ ਉਥੇ ਇਲਾਜ ਲਈ ਚਲਾ ਜਾਂਦਾ। ਘਰ ਦੋ ਜਵਾਨ ਧੀਆਂ ਤੇ ਪਤਨੀ ਦੀ ਇਸ ਚੰਦਰੀ ਬਿਮਾਰੀ ਕਾਰਨ ਸੀਰਤ ਦਾ ਪਿਤਾ ਅਕਸਰ ਚਿੰਤਾ ਵਿੱਚ ਡੁੱਬਿਆ ਰਹਿੰਦਾ। ਸੀਰਤ ਅਤੇ ਉਸ ਦੀ ਭੈਣ ਰੱਜ ਕੇ ਸੋਹਣੀਆਂ ਸਨ ਜਿਸ ਕਾਰਨ ਰਿਸ਼ਤੇਦਾਰਾਂ ਨੇ ਸੀਰਤ ਦੀ ਵੱਡੀ ਭੈਣ ਦਾ ਰਿਸ਼ਤਾ ਬਾਹਰਲੇ ਦੇਸ਼ ਕਰਵਾ ਦਿੱਤਾ। ਸੀਰਤ ਦੇ ਪਿਤਾ ਨੇ ਕਿਸੇ ਤਰ੍ਹਾਂ ਪੈਸਿਆਂ ਦਾ ਇੰਤਜ਼ਾਮ ਕੀਤਾ ਤੇ ਸੀਰਤ ਦੀ ਵੱਡੀ ਭੈਣ ਨੂੰ ਵਿਆਹ ਕੇ ਬਾਹਰਲੇ ਮੁਲਕ ਤੋਰ ਦਿੱਤਾ।

ਸੀਰਤ ਦੀ ਮਾਂ ਦਿਨੋਂ ਦਿਨ ਘਟਦੀ ਜਾ ਰਹੀ ਸੀ। ਸਭ ਨੂੰ ਉਸ ਦੀ ਫਿਕਰ ਹੋ ਰਹੀ ਸੀ ਕਿ ਇਸ ਉੱਤੇ ਤਾਂ ਬਹੁਤ ਜ਼ਿੰਮੇਵਾਰੀਆਂ ਬਾਕੀ ਹਨ, ਸਭ ਦਾ ਧਿਆਨ ਸੀਰਤ ਦੀ ਮਾਂ ਵੱਲ ਸੀ, ਪਰ ਹੋਇਆ ਉਹ, ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਸੀਰਤ ਦੇ ਪਿਤਾ ਦੀ ਚਿੰਤਾ ਏਨੀ ਵਧ ਗਈ ਕਿ ਇੱਕ ਸਵੇਰ ਉਸ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਤੇ ਹਸਪਤਾਲ ਲਿਜਾਣ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ। ਮਾਂ ਦੇ ਅਕਸਰ ਬਿਮਾਰ ਰਹਿਣ ਨਾਲ ਘਰ ਦੀ ਸਾਰੀ ਜ਼ਿੰਮੇਵਾਰੀ ਸੀਰਤ ਉੱਤੇ ਆ ਗਈ ਤੇ ਇਹ ਜ਼ਿੰਮੇਵਾਰੀ ਉਸ ਨੇ ਬਾਖੂਬੀ ਨਿਭਾਈ ਵੀ। ਉਹ ਮਾਂ ਦੀ ਸੇਵਾ ਕਰਦੀ, ਉਸ ਨੂੰ ਦਵਾ-ਦਾਰੂ ਦਿੰਦੀ, ਛੋਟੇ ਭਰਾ ਨੂੰ ਪੁੱਤਰਾਂ ਵਾਂਗ ਸਾਂਭਦੀ। ਸੀਰਤ ਦੀ ਮਾਂ ਵੀ ਇਹ ਭਾਰ ਜ਼ਿਆਦਾ ਚਿਰ ਆਪਣੇ ਸਿਰ ਉਤੇ ਸਾਂਭ ਨਾ ਸਕੀ। ਦੋ ਸਾਲ ਬਾਅਦ ਉਹ ਵੀ ਚਲ ਵਸੀ। ਘਰ ਦੀ ਅਤੇ ਛੋਟੇ ਭਰਾ ਦੀ ਸਾਰੀ ਜ਼ਿੰਮੇਵਾਰੀ ਤਾਂ ਸੀਰਤ ਉੱਤੇ ਪਹਿਲਾਂ ਪਈ ਹੋਈ ਸੀ, ਪਰ ਉਸ ਨੇ ਇਹ ਜ਼ਿੰਮੇਵਾਰੀ ਪਹਿਲਾਂ ਨਾਲੋਂ ਵੱਧ ਹਿੰਮਤ ਨਾਲ ਨਿਭਾਉਣੀ ਸੀ, ਕਿਉਂਕਿ ਉਸ ਦੇ ਸਿਰ ਤੇ ਨਾ ਉਸ ਦਾ ਪਿਤਾ ਸੀ ਤੇ ਨਾ ਮਾਂ। ਘਰ ਨੂੰ ਸਾਂਭਣ ਦੇ ਨਾਲ ਨਾਲ ਸੀਰਤ ਪੜ੍ਹਦੀ ਵੀ ਰਹੀ। ਸੀਰਤ ਦੀ ਨੌਕਰੀ ਦਿੱਲੀ ਸ਼ਹਿਰ ਵਿੱਚ ਇੱਕ ਵਧੀਆ ਕੰਪਨੀ ਵਿੱਚ ਲੱਗ ਗਈ, ਪਰ ਛੋਟੇ ਭਰਾ ਤੇ ਘਰ ਨੂੰ ਇਕੱਲਾ ਛੱਡਣ ਦਾ ਉਸ ਦਾ ਬਿਲਕੁਲ ਵੀ ਮਨ ਨਹੀਂ ਸੀ। ਉਸ ਨੇ ਆਪਣੀ ਦੂਰ ਦੀ ਰਿਸ਼ਤੇਦਾਰੀ ਵਿੱਚ ਲਗਦੀ ਭੂਆ, ਜਿਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ, ਤੇ ਉਹ ਆਪਣੇ ਲੜਕੇ ਨਾਲ ਇਕੱਲੀ ਰਹਿੰਦੀ ਸੀ, ਨੂੰ ਆਪਣੇ ਘਰ ਆਪਣੇ ਭਰਾ ਨਾਲ ਰਹਿਣ ਲਈ ਸੱਦ ਲਿਆ ਸੀ। ਸੀਰਤ ਜਿਸ ਕੰਪਨੀ ਵਿੱਚ ਕੰਮ ਕਰਦੀ ਸੀ, ਉਥੇ ਉਹ ਬਹੁਤ ਮਿਹਨਤ ਨਾਲ ਕੰਮ ਕਰਦੀ ਤੇ ਆਪਣੇ ਭਰਾ ਦੀ ਹਰ ਇੱਛਾ ਨੂੰ ਉਸ ਦੇ ਕਹਿਣ ਤੋਂ ਪਹਿਲਾਂ ਪੂਰੀ ਕਰਦੀ। ਸੀਰਤ ਦੀ ਦੋਸਤੀ ਦਿੱਲੀ ਦੇ ਰਹਿਣ ਵਾਲੇ ਇੱਕ ਲੜਕੇ ਨਾਲ ਹੋ ਗਈ ਅਤੇ ਬਹੁਤ ਹੀ ਜਲਦੀ ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕਰ ਲਿਆ। ਸੀਰਤ ਦੇ ਸਿਰ ਉਤੇ ਚੰਗਾ ਮਾੜਾ ਦੱਸਣ ਵਾਲੀ ਨਾ ਤਾਂ ਉਸ ਦੀ ਮਾਂ ਸੀ ਤੇ ਨਾ ਉਸ ਦਾ ਪਿਤਾ, ਜਿਸ ਕਾਰਨ ਉਸ ਨੂੰ ਆਪਣੇ ਸਾਰੇ ਫੈਸਲੇ ਖੁਦ ਹੀ ਲੈਣੇ ਪੈਂਦੇ ਸਨ। ਸੀਰਤ ਦਾ ਭਰਾ ਹਾਲੇ ਪੜ੍ਹਦਾ ਸੀ, ਜਿਸ ਕਾਰਨ ਦਾ ਸਾਰਾ ਖਰਚ ਸੀਰਤ ਕਰਦੀ ਸੀ ਅਤੇ ਵਿਆਹ ਤੋਂ ਬਾਅਦ ਵੀ ਸੀਰਤ ਉਸੇ ਤਰ੍ਹਾਂ ਆਪਣੇ ਭਰਾ ਨੂੰ ਖਰਚਾ ਭੇਜਦੀ ਰਹੀ, ਜੋ ਸ਼ਾਇਦ ਉਸ ਦੇ ਪਤੀ ਨੂੰ ਬਹੁਤਾ ਪਸੰਦ ਨਹੀਂ ਸੀ। ਸੀਰਤ ਆਪਣੇ ਭਰਾ ਨੂੰ ਬਾਹਰਲੇ ਮੁਲਕ ਭੇਜਣਾ ਚਾਹੁੰਦੀ ਸੀ ਜਿਸ ਲਈ ਉਹ ਪੈਸੇ ਇਕੱਠੀ ਕਰ ਰਹੀ ਸੀ, ਪਰ ਸੀਰਤ ਦਾ ਪਤੀ ਚਾਹੁੰਦਾ ਸੀ ਕਿ ਉਹ ਸਾਰਾ ਖਰਚਾ ਉਸ ਉੱਤੇ ਕਰੇ, ਕਿਉਂਕਿ ਉਹ ਆਪ ਕੁਝ ਨਹੀਂ ਕਮਾਉਂਦਾ ਸੀ, ਬੱਸ ਮਾਂ ਬਾਪ ਦੀ ਜਾਇਦਾਦ ਉੱਤੇ ਐਸ਼ ਕਰਦਾ ਸੀ। ਇਹ ਛੋਟੀਆਂ-ਛੋਟੀਆਂ ਲੜਾਈਆਂ ਏਨੀਆ ਵਧ ਗਈਆਂ ਕਿ ਗੱਲ ਤਲਾਕ ਉੱਤੇ ਪਹੁੰਚ ਗਈ। ਸੀਰਤ ਦੇ ਪਤੀ ਨੇ ਉਸ ਦੇ ਸਾਹਮਣੇ ਦੋ ਸ਼ਰਤਾਂ ਰੱਖੀਆਂ। ਉਹ ਕਹਿਣ ਲੱਗਾ, ''ਜਾਂ ਮੈਨੂੰ ਚੁਣ ਲੈ ਜਾਂ ਆਪਣੇ ਭਰਾ ਨੂੰ।'' ਸੀਰਤ ਨੇ ਆਪਣੇ ਭਰਾ ਨੂੰ ਚੁਣਿਆ ਅਤੇ ਆਪਣੇ ਪਤੀ ਨੂੰ ਤਲਾਕ ਦੇ ਦਿੱਤਾ। ਬੜੀ ਮਿਹਨਤ ਕਰ ਕੇ ਸੀਰਤ ਨੇ ਆਪਣੇ ਭਰਾ ਨੂੰ ਅਤੇ ਆਪਣੀ ਦੂਰ ਦੀ ਭੂਆ ਦਾ ਮੁੰਡਾ, ਜੋ ਉਨ੍ਹਾਂ ਦੇ ਘਰ ਰਹਿੰਦਾ ਸੀ, ਦੋਵਾਂ ਨੂੰ ਬਾਹਰਲੇ ਮੁਲਕ ਭੇਜ ਦਿੱਤਾ।

ਇੱਕ ਸਵੇਰ ਅਚਾਨਕ ਸੀਰਤ ਚੱਕਰ ਖਾ ਕੇ ਡਿੱਗ ਪਈ। ਹੋਸ਼ ਆਈ ਤਾਂ ਹਸਪਤਾਲ ਵਿੱਚ ਸੀ। ਉਸ ਦੀ ਕਿਸੇ ਸਹੇਲੀ ਨੇ ਉਸ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਸੀ। ਸੀਰਤ ਦੇ ਸਰੀਰ ਵਿੱਚ ਕਾਫੀ ਕਮਜ਼ੋਰੀ ਹੋਣ ਕਾਰਨ ਉਸ ਨੂੰ ਕਈ ਦਿਨ ਹਸਪਤਾਲ ਦਾਖਲ ਰਹਿਣਾ ਪਿਆ। ਦੂਜੇ ਪਾਸੇ ਕੋਰੋਨਾ ਕਾਰਨ ਕੰਪਨੀ ਨੇ ਕਰਮਚਾਰੀ ਕੱਢਣੇ ਸ਼ੁਰੂ ਕਰ ਦਿੱਤੇ। ਬਦਕਿਸਮਤੀ ਨਾਲ ਉਨ੍ਹਾਂ ਵਿੱਚ ਸੀਰਤ ਵੀ ਸੀ। ਨੌਕਰੀ ਤੋਂ ਕੱਢੇ ਜਾਣ ਉਤੇ ਸੀਰਤ ਮੁੜ ਆਪਣੇ ਘਰ ਵਾਪਸ ਆ ਗਈ, ਜਿੱਥੇ ਉਸ ਦੀ ਭੂਆ ਇਕੱਲੀ ਰਹਿੰਦੀ ਸੀ। ਭੂਆ ਨੂੰ ਜਦੋਂ ਪਤਾ ਲੱਗਾ ਕਿ ਸੀਰਤ ਦੀ ਨੌਕਰੀ ਚਲੀ ਗਈ ਹੈ ਤਾਂ ਭੂਆ ਜਾਣਦੀ ਸੀ ਕਿ ਵੱਲੋਂ ਉਸ ਦੇ ਲੜਕੀ ਨੂੰ ਬਾਹਰ ਭੇਜਣ ਲਈ ਲਾਏ ਪੈਸੇ ਉਹ ਜ਼ਰੂਰ ਵਾਪਸ ਮੰਗੇਗੀ। ਉਹ ਹਰ ਵਕਤ ਲੜਨ ਦਾ ਬਹਾਨਾ ਲੱਭਦੀ ਰਹਿੰਦੀ ਤੇ ਇੱਕ ਦਿਨ ਬਿਨਾਂ ਮਤਲਬ ਲੜਾਈ ਕਰ ਕੇ ਉਹ ਕਿਸੇ ਹੋਰ ਰਿਸ਼ਤੇਦਾਰ ਕੋਲ ਰਹਿਣ ਚਲੀ ਗਈ। ਸੀਰਤ ਫਿਰ ਇਕੱਲੀ ਰਹਿ ਗਈ, ਪਰ ਉਸ ਕੋਲ ਹਾਲੇ ਵੀ ਇੱਕ ਸਹਾਰਾ ਸੀ, ਉਸ ਦਾ ਭਰਾ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਏਨਾ ਕੁਝ ਹੋਣ ਦੇ ਬਾਵਜੂਦ ਵੀ ਉਸ ਦੇ ਭਰਾ ਨੇ ਬਾਹਰਲੇ ਦੇਸ਼ ਜਾ ਕੇ ਕਦੇ ਆਪਣੀ ਭੈਣ ਸੀਰਤ ਦੀ ਸਾਰ ਨਾ ਲਈ। ਸੀਰਤ ਦੇ ਭਰਾ ਨੇ ਬਾਹਰਲੇ ਦੇਸ਼ ਜਾਂਦੇ ਹੀ ਨਾਲ ਪੜ੍ਹਦੀ ਇੱਕ ਲੜਕੀ ਨਾਲ ਮੰਗਣੀ ਕਰਵਾ ਲਈ ਤੇ ਆਪਣੀ ਜ਼ਿੰਦਗੀ ਵਿੱਚ ਏਨਾ ਮਸਤ ਹੋ ਗਿਆ ਕਿ ਉਸ ਨੂੰ ਆਪਣੀ ਭੈਣ ਦੇ ਕੀਤੇ ਅਹਿਸਾਨ ਵੀ ਭੁੱਲ ਗਏ।

ਸੀਰਤ ਆਪਣੀ ਜ਼ਿੰਦਗੀ ਨੂੰ ਹੌਲੀ-ਹੌਲੀ ਪਟੜੀ ਉਤੇ ਲਿਆਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਸ ਦਾ ਇਸ ਔਖੇ ਵੇਲੇ ਵਿੱਚ ਨਾ ਉਸ ਦਾ ਭਰਾ ਤੇ ਨਾ ਕੋਈ ਹੋਰ ਰਿਸ਼ਤੇਦਾਰ ਸਾਥ ਦੇ ਰਿਹਾ ਸੀ। ਉਹ ਬਿਲਕੁਲ ਇਕੱਲੀ ਰਹਿ ਗਈ। ਸੀਰਤ ਮੇਰੀ ਪਤਨੀ ਦੀ ਸਹੇਲੀ ਹੋਣ ਕਾਰਨ ਮੈਂ ਇਹ ਸਾਰੀ ਕਹਾਣੀ ਆਪਣੀ ਪਤਨੀ ਤੋਂ ਸੁਣੀ ਸੀ। ਕਾਫੀ ਸਮੇਂ ਬਾਅਦ ਜਦ ਮੈਂ ਤੇ ਮੇਰੀ ਪਤਨੀ ਸੀਰਤ ਨੂੰ ਮਿਲੇ ਤਾਂ ਉਹ ਬਹੁਤ ਖੁਸ਼ ਲੱਗ ਰਹੀ ਸੀ, ਉਸ ਦਾ ਦੂਜਾ ਵਿਆਹ ਹੋ ਚੁੱਕਿਆ ਸੀ ਤੇ ਉਸ ਕੋਲ ਇੱਕ ਬੱਚਾ ਵੀ ਸੀ। ਉਸ ਦੀ ਜ਼ਿੰਦਗੀ ਬਹੁਤ ਸੋਹਣੀ ਚੱਲ ਰਹੀ ਸੀ। ਜਦ ਮੈਂ ਉਸ ਨਾਲ ਖੁੱਲ੍ਹ ਕੇ ਗੱਲ ਕੀਤੀ ਤਾਂ ਸੀਰਤ ਦਾ ਕਹਿਣਾ ਸੀ ਕਿ ਜਦ ਲੋਕ ਬਦਲ ਸਕਦੇ ਹਨ ਤਾਂ ਕਿਸਮਤ ਕਿਉਂ ਨਹੀਂ? ਉਸ ਨੇ ਆਪਣੀ ਜ਼ਿੰਦਗੀ ਵਿੱਚ ਹਰ ਆਪਣੇ ਨੂੰ ਬਦਲਦਾ ਵੇਖਿਆ ਸੀ, ਫਿਰ ਵੀ ਉਸ ਨੇ ਆਪਣੀ ਕਿਸਮਤ ਨੂੰ ਬਦਲਣ ਦਾ ਹੌਸਲਾ ਨਹੀਂ ਛੱਡਿਆ। ਉਸ ਨੂੰ ਪਤਾ ਸੀ ਕਿ ਜ਼ਿੰਦਗੀ ਹਮੇਸ਼ਾ ਇੱਕੋ ਤਰ੍ਹਾਂ ਨਹੀਂ ਰਹਿੰਦੀ, ਕਦੇ ਵੀ ਜਿਊਣਾ ਨਹੀਂ ਛੱਡਣਾ ਚਾਹੀਦਾ।



## ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜਨ ਦੀ ਬੀਬੀ ਜਗੀਰ ਕੌਰ ਨੇ ਕੀਤੀ ਸਖ਼ਤ ਨਿੰਦਾ



ਅੰਮ੍ਰਿਤਸਰ, 18 ਅਗਸਤ (ਗਿਆਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਲਾਹੌਰ (ਪਾਕਿਸਤਾਨ) ਵਿਚ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਦੇ ਬਾਹਰ ਸਥਾਪਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜਨ ਦੀ ਸ਼ਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਦਫ਼ਤਰ ਤੋਂ ਜਾਰੀ ਬਿਆਨ ਵਿਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਅਜਿਹਾ ਸਿੱਖ ਰਾਜਾ ਸੀ ਜਿਸ ਦੇ ਰਾਜ ਵਿਚ ਸਭ ਨੂੰ ਬਰਾਬਰ ਹੱਕ ਸਨ ਅਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਸਾਹਿਬਾਨਾਂ ਦੇ ਮੂਲ ਸਿਧਾਂਤਾਂ ਦੇ ਅਧਾਰਿਤ ਸੀ, ਜਿਸ ਵਿਚ ਸਮਾਜਿਕ ਸਮਾਨਤਾ ਤੇ ਸਭ ਨੂੰ ਧਾਰਮਿਕ ਅਜ਼ਾਦੀ ਸੀ। ਉਨ੍ਹਾਂ ਦੇ ਦਰਬਾਰ ਵਿਚ ਸਿੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਅਧਿਕਾਰੀ ਵੀ ਤੈਨਾਤ ਸਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਿਥੇ ਗੁਰਦੁਆਰਾ ਸਾਹਿਬਾਨ ਦੇ ਨਾਮ ਜਗੀਰਾਂ ਲਗਾਈਆਂ, ਉਥੇ ਧਰਮ ਨਿਰਪੱਖਤਾ ਦੀ ਮਿਸਾਲ ਪੈਦਾ ਕਰਦਿਆਂ ਦੂਸਰੇ ਧਰਮਾਂ ਦਾ ਵੀ ਵੱਡਾ ਸਤਿਕਾਰ ਕੀਤਾ ਅਤੇ ਲੋੜ ਅਨੁਸਾਰ ਕਾਰਜ ਕਰਵਾਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਦੁਨੀਆਂ ਦੇ ਚੋਣਵੇਂ ਸ਼ਾਸਕਾਂ ਵਿਚ ਸ਼ਮਾਰ ਹੈ ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਵੱਡੇ ਕਾਰਜ ਕੀਤੇ। ਉਨ੍ਹਾਂ ਕਿਹਾ ਕਿ ਵਿਸ਼ਵ ਮਾਨਤਾ ਵਾਲੇ ਸਿੱਖ ਸ਼ਾਸਕ ਦਾ ਬੁੱਤ ਤੋੜ ਕੇ ਨਫਰਤ ਦਾ ਪ੍ਰਗਟਾਵਾ ਕਰਨਾ ਮਨੁੱਖੀ ਸਰੋਕਾਰਾਂ ਦੇ ਵਿਰੁੱਧ ਕਾਰਵਾਈ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਨਿਰਾਦਰੀ ਕਰਨ ਵਾਲੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੋਂ ਅਜਿਹੀ ਕੋਈ ਘਿਨਾਉਣੀ ਹਰਕਤ ਨਾ ਕਰੇ।

## ਜਗਮੀਤ ਸਿੰਘ ਬਰਾੜ ਅਗਲੀ ਅਸੈਂਬਲੀ ਚੋਣ ਲਈ ਮੌੜ ਮੰਡੀ ਹਲਕੇ ਤੋਂ ਸਿਆਸੀ ਮਸ਼ਕਾਂ ਕਰਨ ਲੱਗੇ



ਮਾਨਸਾ, 18 ਅਗਸਤ (ਪੋਸਟ ਬਿਊਰੋ)- ਸਾਬਕਾ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਬਰਾੜ ਲੋਕ ਸਭਾ ਹਲਕਾ ਬਠਿੰਡਾ ਵਿਚਲੇ ਵਿਧਾਨ ਸਭਾ ਹਲਕਾ ਮੌੜ ਮੰਡੀ ਤੋਂ ਸਿਆਸੀ ਮਸ਼ਕਾਂ ਕਰਨ ਲੱਗੇ ਸੁਣੀਂਦੇ ਹਨ।ਉਨ੍ਹਾਂ ਨੇ ਪਿਛਲੇ ਦਿਨਾਂ ਦੌਰਾਨ ਸ਼ਹਿਰ ਤੋਂ ਇਲਾਵਾ ਹਲਕੇ ਦੇ ਤਿੰਨ ਪਿੰਡਾਂ ਵਿੱਚ ਮੀਟਿੰਗਾਂ ਵੀ ਕੀਤੀਆਂ ਹਨ, ਜਦਕਿ ਉਨ੍ਹਾਂ ਦੇ ਨੇੜਲੇ ਵਿਅਕਤੀ ਹਲਕੇ ਦੇ ਪਿੰਡਾਂ ਵਿੱਚ ਮੁਹਿੰਮ ਚਲਾਉਣ ਵਾਂਗ ਅਗੇਤੇ ਹੀ ਵਿਚਰਨ ਲੱਗ ਪਏ ਹਨ।

ਜਾਣਕਾਰ ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਨ੍ਹਾਂ ਨੂੰ ਇਸ ਹਲਕੇ ਲਈ ਇੰਚਾਰਜ ਐਲਾਨ ਕਰ ਕੇ 2022 ਦੀਆਂ ਚੋਣਾਂ ਲਈ ਸਰਗਰਮੀਆਂ ਸ਼ੁਰੂ ਕਰਨ ਦੀ ਹਰੀ ਝੰਡੀ ਦੇ ਸਕਦੇ ਹਨ। ਵਰਨਣ ਯੋਗ ਹੈ ਕਿ ਨਵੀਂ ਹਲਕਾ ਬੰਦੀ ਪਿੱਛੋਂ ਪਹਿਲੀ ਵਾਰ ਇਸ ਹਲਕੇ ਤੋਂ 2012 ਵਿੱਚ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਚੋਣ ਜਿੱਤੇ ਸਨ ਅਤੇ ਸਿੰਚਾਈ ਮੰਤਰੀ ਹੁੰਦਿਆਂ ਉਨ੍ਹਾਂ ਨੇ ਚੋਖੇ ਕੰਮ ਕੀਤੇ ਸਨ, ਪਰ ਉਹ 2017 ਦੀਆਂ ਚੋਣਾਂ ਵਿੱਚਆਮ ਆਦਮੀ ਪਾਰਟੀ ਦੇ ਜਗਦੇਵ ਸਿੰਘ ਕਮਾਲੂ ਤੋਂ ਹਾਰ ਗਏ ਸਨ। ਫਿਰ ਉਹ ਆਪਣੇ ਜ਼ਿਲ੍ਹੇ ਫ਼ਿਰੋਜ਼ਪੁਰ ਨੂੰ ਮੁੜ ਗਏ। ਇਸ ਹਲਕੇ ਉੱਤੇ ਪਿਛਲੇ ਕੁਝ ਮਹੀਨਿਆਂ ਤੋਂ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾਵੀ ਸਰਗਰਮੀਆਂ ਕਰ ਰਹੇ ਹਨ ਅਤੇ ਮਾਨਸਾ ਹਲਕੇ ਦੇ ਇੰਚਾਰਜ ਜਗਦੀਪ ਸਿੰਘ ਨਕੱਈ ਵੀ ਏਥੋਂ ਹੀ ਚੋਣ ਲੜਨਾ ਚਾਹੁੰਦੇ ਹਨ। ਉਹ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਬਠਿੰਡਾ ਦੇ ਦਿਹਾਤੀ ਪ੍ਰਧਾਨ ਹਨ, ਪਰ ਜਗਮੀਤ ਸਿੰਘ ਬਰਾੜ ਨੂੰ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਬਣਾਉਣ ਦੀਆਂ ਕਨਸੋਆਂ ਦੇ ਕਾਰਨ ਇਹ ਆਗੂ ਵੀ ਉਲਝਣ ਵਿੱਚ ਹਨ। ਜਗਮੀਤ ਸਿੰਘ ਬਰਾੜ ਦੇ ਨੇੜਲਿਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਉਹ ਮੌੜ ਮੰਡੀ ਤੋਂ ਚੋਣ ਲੜਨਗੇ। ਇਸ ਵਾਰ ਕਾਂਗਰਸ ਵੱਲੋਂ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਜਗਦੇਵ ਸਿੰਘ ਕਮਾਲੂ, ਜਿਹੜੇ ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਹਨ, ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ। ਇਸੇ ਕਰ ਕੇ ਮਾਨਸਾ ਜ਼ਿਲ੍ਹਾ ਕਾਂਗਰਸ ਦੀ ਸਾਬਕਾ ਪ੍ਰਧਾਨ ਡਾ. ਮਨੋਜ ਬਾਲਾ ਬਾਂਸਲ, ਜੋ ਮੌੜ ਮੰਡੀ ਵਿੱਚ ਹਲਕਾ ਇੰਚਾਰਜ ਵਜੋਂ ਕੰਮ ਕਰਦੇ ਰਹੇ ਹਨ, ਨੇ ਆਪਣੀਆਂ ਰੁਖ ਫਿਰ ਮਾਨਸਾ ਨੂੰ ਮੋੜ ਲਿਆ ਹਨ। ਡਾ. ਬਾਲਾ 2017 ਵਿੱਚ ਮਾਨਸਾ ਹਲਕੇ ਤੋਂ ਕਾਂਗਰਸ ਉਮੀਦਵਾਰ ਸਨ।

## ਪ੍ਰਵਾਸੀ ਪੰਜਾਬੀ ਦੀ ਜ਼ਮੀਨ ਦਾ ਝੂਠਾ ਮਾਲਕ ਬਣ ਕੇ ਦੋ ਰਜਿਸਟਰੀਆਂ ਕਰਵਾ ਲਈਆਂ

### * ਵਸੀਕਾ, ਨੰਬਰਦਾਰ ਤੇ ਪਟਵਾਰੀ ਸਮੇਤ ਛੇ ਜਣਿਆਂ ਉੱਤੇ ਕੇਸ ਦਰਜ

ਨਕੋਦਰ, 18 ਅਗਸਤ (ਪੋਸਟ ਬਿਊਰੋ)- ਨਕੋਦਰ ਤਹਿਸੀਲ ਵਿੱਚ ਲੱਖਾਂ ਰੁਪਏ ਦੀਆਂ ਜ਼ਮੀਨਾਂ ਦਾ ਇੱਕ ਵੱਡਾ ਸਕੈਂਡਲ ਬੇਪਰਦ ਹੋਇਆ ਹੈ। ਇਸ ਬਾਰੇ ਡੀ ਐਸ ਪੀ ਕ੍ਰਾਈਮ ਅਗੇਂਸਟ ਪ੍ਰਾਪਰਟੀ ਸੁਰਿੰਦਰਪਾਲ ਸਿੰਘ ਨੇ ਉਕਤ ਮਾਮਲੇ ਵਿੱਚ ਸ਼ਾਮਲ ਫਰਜ਼ੀ ਜ਼ਮੀਨ ਖਰੀਦਣ ਅਤੇ ਵੇਚਣ ਵਾਲੇ ਨਾਲ ਨਕੋਦਰ ਦੇ ਇੱਕ ਵਸੀਕਾ ਨਵੀਸ, ਨੰਬਰਦਾਰ ਅਤੇ ਪਟਵਾਰੀ ਸਮੇਤ ਛੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰਵ-ਾਇਆ ਹੈ।

ਸ਼ਿੰਦਰਪਾਲ ਪੁੱਤਰ ਦਾਰਾ ਸਿੰਘ ਵਾਸੀ ਗੋਲਡਨ ਐਵੀਨਿਊ ਫੇਸ-2 ਜਲੰਧਰ ਨੇ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਭਰਾ ਬਲਵਿੰਦਰ ਲੰਬੇ ਸਮੇਂ ਤੋਂ ਵਿਦੇਸ਼ ਵਿੱਚ ਹੈ ਅਤੇ ਪਿੰਡ ਮੀਰਪੁਰ ਅਤੇ ਨਕੋਦਰ ਵਿਖੇ ਉਸ ਦੀ ਕੀਮਤੀ ਜ਼ਮੀਨ ਦੀਆਂ ਦੋ ਰਜਿਸਟਰੀਆਂ ਗ਼ੈਰ-ਕਾਨੂੰਨੀ ਢੰਗ ਨਾਲ ਫਰਜ਼ੀ ਵਿਅਕਤੀ ਖੜ੍ਹਾ ਕਰ ਕੇ ਕੁਝ ਲੋਕਾਂ ਨੇ ਕਰਵਾ ਲਈਆਂ ਹਨ। ਸੱਚਾਈ ਇਹ ਹੈ ਕਿ ਉਸ ਦੇ ਵਿਦੇਸ਼ ਰਹਿੰਦੇ ਭਰਾ ਬਲਵਿੰਦਰ ਨੂੰ ਖ਼ੁਦ ਇਸ ਦਾ ਪਤਾ ਨਹੀਂ ਕਿ ਉਸ ਦੀ ਜ਼ਮੀਨ ਦਾ ਸੌਦਾ ਕਦੋਂ ਤੇ ਕਿਨ੍ਹਾਂ ਲੋਕਾਂ ਨੇ ਆਪੋ ਵਿੱਚ ਸਾਜ਼ਿਸ਼ ਰਚ ਕੇ ਕੀਤਾ ਹੈ, ਜਦ ਕਿ ਉਕਤ ਜ਼ਮੀਨ ਦੀ ਪਾਵਰ ਆਫ ਅਟਾਰਨੀ ਮੇਰੇ ਕੋਲ ਹੈ। ਉਸ ਨੇ ਦੱਸਿਆ ਕਿ ਇਸ ਸਕੈਂਡਲ ਵਿੱਚ ਸ਼ਾਮਲ ਲੋਕਾਂ ਨੇ ਉਸ ਦੇ ਭਰਾ ਬਲਵਿੰਦਰ ਦੀ ਜਾਇਦਾਦ ਧੋਖੇ ਨਾਲ ਗੁਰਪਿਆਰ ਸਿੰਘ ਪੁੱਤਰ ਅਲਬੇਲ ਸਿੰਘ ਪੁੱਤਰ ਬੂੜ ਸਿੰਘ ਵਾਸੀ ਕੋਟ ਈਸੇ ਖਾ ਤਹਿਸੀਲ ਜ਼ਿਲ੍ਹਾ ਮੋਗਾ ਨੂੰ ਇਸ ਦੀਆਂ ਦੋ ਵੱਖ-ਵੱਖ ਰਜਿਸਟਰੀ ਕਰਵਾ ਕੇਵੇਚ ਦਿੱਤੀ ਹੈ।

ਇਸ ਸਕੈਂਡਲ ਦੀ ਜਾਂਚ ਐਸ ਐਸ ਪੀ ਜਲੰਧਰ ਦਿਹਾਤੀ ਨੇ ਸੁਰਿੰ-ਦਰਪਾਲ ਸਿੰਘ ਨੂੰ ਸੌਂਪੀ, ਜਿਨ੍ਹਾਂ ਦੇ ਜਾਂਚ ਕਰਨ ਪਿੱਛੋਂ ਡੀ ਏ ਲੀਗਲ ਦੀ ਸਲਾਹ ਪਿੱਛੋਂ ਐਸ ਐਸ ਪੀ ਜਲੰਧਰ ਦਿਹਾਤੀ ਨੇ ਸਕੈਂਡਲ ਵਿੱਚ ਸ਼ਾਮਲ ਛੇ ਲੋਕਾਂ, ਬਲਵਿੰਦਰ ਸਿੰਘ (ਫਰਜ਼ੀ), (ਖਰੀਦਦਾਰ) ਗੁਰਪਿਆਰ ਸਿੰਘ ਪੁੱਤਰ ਅਲਬੇਲ ਸਿੰਘ ਪੁੱਤਰ ਬੂੜ ਸਿੰਘ ਵਾਸੀ ਕੋਟ ਈਸੇ ਖਾਂ ਤਸੀਲ ਜ਼ਿਲ੍ਹਾ ਮੋਗਾ, (ਗਵਾਹ) ਜਗਦੇਵ ਸਿੰਘ ਪੁੱਤਰ ਹਰੀ ਸਿੰਘ ਵਾਸੀ ਟਾਵਰ ਐਨਕਲੇਵ ਜਲੰਧਰ, ਨੰਬਰਦਾਰ ਬ੍ਰਿਜ ਮੋਹਨ, ਮਨਜੀਤ ਕੁਮਾਰ (ਵਸੀਕਾ ਨਵੀਸ) ਤੇ ਪਟਵਾਰੀ ਸੁਖਵੰਤ ਸਿੰਘ ਖ਼ਿਲਾਫ਼ ਥਾਣਾ ਸਿਟੀ ਪੁਲਸ ਨੇਕੇਸ ਦਰਜ ਕਰ ਲਿਆ ਹੈ, ਪਰ ਅਜੇ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਇਸ ਬਾਰੇ ਇੱਕ ਵੱਡੇ ਪੁਲਸ ਅਧਿਕਾਰੀ ਨੇ ਕਿਹਾ ਕਿ ਇਸ ਦੀ ਹਰ ਪੱਖੋਂ ਜਾਂਚ ਹੋ ਰਹੀ ਹੈ ਅਤੇ ਇਸ ਸਕੈਂਡਲ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਤਾਮਿਲਨਾਡੂ ਤੋਂ ਮਨਾਲੀ ਤਕ ਯਾਤਰਾ ਵਾਲੀ ਗੱਡੀ ਉਤੇ ਮੋਦੀ ਦੀ ਫੋਟੋ ਦੇਖ ਕੇ ਕਿਸਾਨਾਂ ਨੇ ਪੋਸਟਰ ਪਾੜੇ

ਰੋਪੜ, 18 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦਾ ਗੁੱਸਾ ਵਧੀ ਜਾ ਰਿਹਾ ਹੈ। ਕਿਤੇ ਵੀ ਭਾਜਪਾ ਵੱਲੋਂ ਕਰਵਾਏ ਜਾ ਰਹੇ ਕਿਸੇ ਪ੍ਰੋਗਰਾਮ ਦੀ ਭਿਣਕ ਲੱਗਦੇ ਸਾਰ ਉਹ ਵਿਰੋਧ ਕਰਨ ਪਹੁੰਚ ਜਾਂਦੇ ਹਨ। ਅਜਿਹਾ ਇੱਕ ਮਾਮਲਾ ਬੀਤੀ ਰਾਤ ਰੋਪੜ ਵਿੱਚ ਦੇਖਣ ਨੂੰ ਮਿ-ਲਿਆ।

ਕੱਲ੍ਹ ਰਾਤ ਕਰੀਬ ਸਾਢੇ ਦਸ ਵਜੇ ਤਾਮਿਲਨਾਡੂ ਤੋਂ ਹਿਮਾਚਲ ਦੀ ਯਾਤਰਾ ਉੱਤੇ ਜਾਂਦੀ ਇੱਕ ਗੱਡੀ ਉੱਤੇ ਮੋਦੀ ਦੀ ਫੋਟੋ ਲੱਗੀ ਸੀ। ਇਹ ਗੱਡੀ ਰੋਪੜ ਦੇ ਬਾਜ ਹੋਟਲ ਨੇੜੇ ਖੜ੍ਹੀ ਸੀ। ਜਦੋਂ ਕਿਸਾਨਾਂ ਨੂੰ ਭਿਣਕ ਲੱਗੀ ਤਾਂਓਥੇ ਪਹੁੰਚ ਗਏ ਅਤੇ 'ਮੋਦੀ ਸਰਕਾਰ ਮੁਰਦਾਬਾਦ' ਦੇ ਨਾਅਰੇ ਲਾਉਂਦੇ ਹੋਏ ਗੱਡੀ ਉੱਤੇ ਲੱਗੀ ਪ੍ਰਧਾਨ ਮੰਤਰੀ ਮੋਦੀ ਦੀ ਫੋਟੋ ਪਾੜ ਦਿੱਤੀ। ਇਸ ਦੌਰਾਨ ਕਿਸਾਨਾਂ ਨੇ ਕਰੀਬ ਇੱਕ ਘੰਟਾ ਲਗਾਤਾਰ ਮੋਦੀ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਪਿੱਛੋਂ ਸਿਟੀ ਪੁਲਸ ਰੋਪੜ ਅਤੇ ਸਦਰ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਕਿਸਾਨਾਂ ਨੂੰ ਸ਼ਾਂਤ ਕੀਤਾ ਤੇ ਉਨ੍ਹਾਂ ਨੂੰ ਵਾਪਸ ਘਰਾਂ ਨੂੰ ਭੇਜ ਦਿੱਤਾ।ਕਿਸਾਨ ਨੇਤਾ ਕੁਲਵਿੰਦਰ ਸਿੰਘ ਪੰਜੋਲਾ ਤੇ ਹੋਰਨਾਂ ਨੇ ਕਿਹਾ ਕਿ ਉਕਤ ਲੋਕਾਂ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੋਦੀ ਨੰਬਰ-1 ਪ੍ਰਧਾਨ ਮੰਤਰੀ ਹਨ, ਜਦ ਕਿ ਸਾਡੇ ਕਿਸਾਨ ਅੱਠ ਮਹੀਨਿਆਂ ਤੋਂ ਦਿੱਲੀ ਬਾਰਡਰਾਂ ਉੱਤੇ ਧਰਨੇ ਉੱਤੇ ਬੈਠੇ ਹਨ ਅਤੇ ਮੋਦੀ ਸਰਕਾਰ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰ ਰਹੀ। ਇਸ ਲਈ ਅਸੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਇਹ ਸਭ ਦੇਖਦੇ ਹੋਏ ਵੀ ਮੋਦੀ ਕਿਵੇਂ ਨੰਬਰ ਇੱਕ ਪ੍ਰਧਾਨ ਮੰਤਰੀ ਹਨ।

## ਜ਼ਿਲ੍ਹਾ ਮੋਗਾ 'ਚ ਘਰ ਬੈਠਿਆਂ ਮਿਲਣਗੀਆਂ ਸੇਵਾ ਕੇਂਦਰ ਦੀਆਂ ਸੇਵਾਵਾਂ

### * ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਦੋ ਜ਼ਿਲ੍ਹਿਆਂ ਵਿੱਚ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ * ਡਿਪਟੀ ਕਮਿਸ਼ਨਰ ਵੱਲੋਂ 4 ਸੇਵਾਵਾਂ ਦੀ ਸ਼ੁਰੂਆਤ

ਮੋਗਾ, 18 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਲੋਕਾਂ ਨੂੰ ਇੱਕੋ ਛੱਤ ਥੱਲੇ ਸਰਕਾਰੀ ਸੇਵਾਵਾਂ ਡਿਜੀਟਲ ਤਰੀਕੇ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸੇਵਾ ਕੇਂਦਰਾਂ ਵਿਖੇ 3 ਹੋਰ ਸਹੂਲਤਾਂ ਦਾ ਇਜ਼ਾਫਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਿਲ੍ਹਾ ਮੋਗਾ ਅਤੇ ਕਪੂਰਥਲਾ ਵਿੱਚ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਹੁਣ ਲੋਕਾਂ ਦੇ ਦਰਾਂ ਉੱਤੇ ਹੀ ਮਿਲਿਆ ਕਰਨਗੀਆਂ। ਉਕਤ ਦੋਵੇਂ ਜਿਲ੍ਹਿਆਂ ਵਿੱਚ ਇਹ ਪ੍ਰੋਜੈਕਟ ਦੇ ਸਫ਼ਲ ਹੋਣ ਉੱਤੇ ਇਸ ਨੂੰ ਬਾਕੀ ਜਿਲ੍ਹਿਆਂ ਵਿੱਚ ਵੀ ਲਾਗੂ ਕਰ ਦਿੱਤਾ ਜਾਵੇਗਾ।



ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਦੱਸਿਆ ਕਿ ਚਾਲੂ ਕੀਤੀਆਂ ਚਾਰ ਸਕੀਮਾਂ 'ਚ ਐਨ.ਆਰ.ਆਈ. ਸੈੱਲ ਪੰਜਾਬ ਤੋਂ ਦਸਤਾਵੇਜ਼ਾਂ ਦੀ ਤਸਦੀਕ ਕਰਵਾਉਣ ਦੀ ਸੇਵਾ, ਸੂਚਨਾ ਦੇ ਅਧਿਕਾਰ ਐਕਟ (ਆਰ. ਟੀ.ਆਈ.ਐਕਟ ) ਸਬੰਧੀ, ਜਨਮ ਅਤੇ ਮੌਤ ਦਾ ਸਰਟੀਫਿਕੇਟ ਪ੍ਰਾਈਵੇਟ ਹਸਪਤਾਲਾਂ ਤੋ ਲੈਣ ਸਬੰਧੀ ਸ਼ਾਮਿਲ ਹੈ। ਇਸ ਤੋਂ ਇਲਾਵਾ ਚੌਥੀ ਸੇਵਾ ਕੇਂਦਰਾਂ ਰਾਹੀਂ ਘਰ ਜਾ ਕੇ ਸਰਵਿਸ ਮੁਹੱਈਆ ਕਰਵਾਉਣ ਸਬੰਧੀ ਹੈ, ਜੋ ਇਕ ਫਿਲਹਾਲ ਜਿਲ੍ਹਾ ਮੋਗਾ ਅਤੇ ਕਪੂਰਥਲਾ ਵਿੱਚ ਹੀ ਸ਼ੁਰੂ ਕੀਤੀ ਜਾ ਰਹੀ ਹੈ।

ਉਹਨਾਂ ਦੱਸਿਆ ਕਿ ਉਕਤ ਦੋਹਾਂ ਜਿਲ੍ਹਿਆਂ ਵਿੱਚ ਡੋਰ ਸਟੈਪ ਡਿਲੀਵਰੀ ਲੈਣ ਲਈ ਅਰਜ਼ੀਕਰਤਾ ਨੂੰ ਪੰਜ ਕਿਲੋਮੀਟਰ ਦੇ ਦਾਇਰੇ ਵਿਚ 50 ਰੁਪਏ, ਪੰਜ ਤੋਂ 10 ਕਿਲੋਮੀਟਰ ਦੇ ਦਾਇਰੇ ਵਿਚ 100 ਰੁਪਏ ਅਤੇ ਦਸ ਕਿਲੋਮੀਟਰ ਤੋਂ ਵੱਧ ਦਾਇਰੇ ਵਿਚ 200 ਰੁਪਏ ਦੇਣੇ ਪੈਣਗੇ। ਉਹਨਾਂ ਸਪੱਸ਼ਟ ਕੀਤਾ ਕਿ ਇਹ ਸੇਵਾ ਲੈਣ ਲਈ ਕਿਸੇ ਵੀ ਨਾਗਰਿਕ ਨੂੰ ਮਜ਼ਬੂਰ ਨਹੀਂ ਕੀਤਾ ਜਾਵੇਗਾ।

ਹੰਸ ਨੇ ਦੱਸਿਆ ਕਿ ਹੁਣ ਐਨ.ਆਰ.ਆਈ. ਨੂੰ ਆਪਣੇ ਦਸਤਾਵੇਜ ਤਸਦੀਕ ਕਰਵਾਉਣ ਲਈ ਚੰਡੀਗੜ੍ਹ ਦੇ ਚੱਕਰ ਲਾਉਣ ਦੀ ਲੋੜ ਨਹੀਂ। ਜਿਲ੍ਹਾ ਵਾਸੀ ਕਿਸੇ ਵੀ ਸੇਵਾ ਕੇਂਦਰ 'ਤੇ ਪਹੁੰਚ ਕੇ ਇਹ ਸਹੂਲਤ ਲੈ ਸਕਦੇ ਹਨ।

ਜਨਮ ਅਤੇ ਮੌਤ ਦਸਤਾਵੇਜਾਂ ਦੀ ਪ੍ਰਦਾਨਗੀ ਨੂੰ ਸਰਲ ਕਰਦਿਆਂ ਇਹ ਦਸਤਾਵੇਜ ਹੁਣ ਰਜਿਸਟਰਾਰ ਦਫ਼ਤਰ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਪਾਸੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਸਿਹਤ ਵਿਭਾਗ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਸਾਂਝੇ ਯਤਨਾਂ ਤਹਿਤ ਹੁਣ ਪ੍ਰਾਈਵੇਟ ਹਸਪਤਾਲਾਂ ਵੱਲੋਂ ਜਨਮ ਤੇ ਮੌਤ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਰਜਿਸਟਰਾਰ ਦਫ਼ਤਰ ਨੂੰ ਆਨਲਾਈਨ ਪੋਰਟਲ ਦੁਆਰਾ ਭੇਜੀ ਜਾਇਗੀ, ਜਿਸ ਨਾਲ ਕੰਮ-ਕਾਜ ਵਿੱਚ ਹੋਰ ਤੇਜ਼ੀ ਅਤੇ ਪਾਰਦਰਸ਼ਤਾ ਆਏਗੀ.

ਇਸ ਆਨਲਾਇਨ ਪ੍ਰਕਿਰਿਆ ਦੇ ਲਾਗੂ ਹੋਣ ਤੋਂ ਪਹਿਲਾਂ ਜਨਮ ਅਤੇ ਮੌਤ ਸਬੰਧੀ ਜਾਣਕਾਰੀ ਪ੍ਰਾਈਵੇਟ ਹਸਪਤਾਲਾਂ ਵੱਲੋਂ ਸਬੰਧਿਤ ਰਜਿਸਟਰਾਰ ਦਫਤਰ ਨੂੰ ਮੈਨੂਅਲ ਫਾਰਮ ਭਰਕੇ ਭੇਜੀ ਜਾਂਦੀ ਸੀ। ਜਿਸ ਉਪਰੰਤ ਇਸ ਜਾਣਕਾਰੀ ਨੂੰ ਸਬੰਧਿਤ ਰਿਜਸਟਰਾਰ ਦਫਤਰ ਵੱਲੋਂ ਆਨਲਾਈਨ ਦਰਜ ਕੀਤਾ ਜਾਂਦਾ ਸੀ। ਜਿਸ ਕਾਰਨ ਆਮ ਲੋਕਾਂ ਨੂੰ ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਹੋਣ ਵਿੱਚ ਦੇਰ ਹੋ ਜਾਂਦੀ ਸੀ।

ਰਾਜ ਦੇ ਲਗਭਗ 390 ਪ੍ਰਾਈਵੇਟ ਹਸਪਤਾਲਾਂ ਵਿੱਚ ਇਸ ਆਨਲਾਈਨ ਵਿਧੀ ਨੂੰ ਲਾਗੂ ਕਰ ਦਿੱਤਾ ਗਿਆ ਹੈ। ਹੁਣ ਤੱਕ ਪ੍ਰਾਈਵੇਟ ਹਸਪਤਾਲਾਂ ਵੱਲੋਂ ਲਗਭਗ 10000 ਜਨਮ ਸਰਟੀਫਿਕੇਟ ਸਬੰਧੀ ਐਪਲੀਕੇਸ਼ਨਾਂ ਆਨਲਾਈਨ ਪੋਰਟਲ ਰਾਹੀਂ ਰਜਿਸਟਰਾਰ ਦਫਤਰ ਪਾਸ ਭੇਜੀਆਂ ਗਈਆਂ ਹਨ। ਜਿਨ੍ਹਾਂ ਵਿੱਚੋਂ ਲਗਭਗ 9600 ਜਨਮ ਐਪਲੀਕੇਸ਼ਨਾਂ ਪ੍ਰਵਾਨ ਹੋ ਗਈਆਂ ਹਨ ਅਤੇ ਲਗਭਗ 4000 ਸਰਟੀਫਿਕੇਟ ਨਾਗਰੀਕਾਂ ਵੱਲੋਂ ਬਿਨਾਂ ਕਿਸੇ ਖੱਜਲ ਖੁਆਰੀ ਦੇ ਪ੍ਰਾਪਤ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਆਨਲਾਈਨ ਪੋਰਟਲ ਰਾਹੀਂ 3000 ਮੌਤ ਸਰਟੀਫਿਕੇਟ ਦੀਆ ਐਪਲੀਕੇਸ਼ਨਾਂ ਰਜਿਸਟਰਾਰ ਦਫਤਰਾਂ ਪਾਸ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 2300 ਦੇ ਕਰੀਬ ਸਰਟੀਫਿਕੇਟ ਨਾਗਰਿਕਾਂ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556
6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਜੰਗ ਲੜਨ ਵਾਲੀ ਗਵਰਨਰ ਬੀਬੀ ਸਲੀਮਾ ਮਜ਼ਾਰੀ ਨੂੰ ਤਾਲਿਬਾਨ ਨੇ ਗ੍ਰਿਫ਼ਤਾਰ ਕੀਤਾ



ਕਾਬੁਲ, 18 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜੇ ਪਿੱਛੋਂ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਦੌਰਾਨ ਵੀ ਬੀਬੀ ਸਲੀਮਾ ਮਜ਼ਾਰੀ ਨੇ ਲੜਾਈ ਜਾਰੀ ਰੱਖੀ ਹੋਈ ਹੈ। ਤਾਜ਼ਾ ਰਿਪੋਰਟਾਂ ਦੇ ਮੁਤਾਬਕ ਤਾਲਿਬਾਨ ਨੇ ਸਲੀਮਾ ਮਜ਼ਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਹੜੀ ਅਫ਼ਗਾਨਿਸਤਾਨ ਦੀ ਪਹਿਲੀ ਮਹਿਲਾ ਗਵਰਨਰ ਹੈ ਅਤੇ ਉਸ ਨੇ ਪਿਛਲੇ ਕੁਝ ਸਮੇਂ ਤੋਂ ਤਾਲਿਬਾਨ ਦੇ ਖਿਲਾਫ ਲੜਾਈ ਵਿੱਢੀ ਹੋਈ ਸੀ।

ਵਰਨਣ ਯੋਗ ਹੈ ਕਿ ਸਲੀਮਾ ਮਜ਼ਾਰੀ ਨੇ ਤਾਲਿਬਾਨ ਨਾਲ ਲੜਨ ਲਈ ਹਥਿਆਰ ਚੁੱਕੇ ਅਤੇ ਆਖਰੀ ਸਮੇਂ ਤੱਕ ਉਹ ਤਾਲਿਬਾਨ ਦੇ ਖਿਲਾਫ ਲੜਦੀ ਰਹੀ ਸੀ। ਜਦੋਂ ਅਫ਼ਗਾਨਿਸਤਾਨ ਦੇ ਹੋਰ ਨੇਤਾ ਦੇਸ਼ ਛੱਡ ਕੇ ਭੱਜਣ ਲੱਗੇ, ਸਲੀਮਾ ਉਦੋਂ ਵੀ ਆਪਣੇ ਸਮਰਥਕਾਂ ਨਾਲ ਤਾਲਿਬਾਨ ਦੇ ਖਿਲਾਫ ਖੜ੍ਹੀ ਰਹੀ। ਅਫਗਾਨਿਸਤਾਨ ਦਾ ਬਲਖ ਸੂਬਾ ਜਦੋਂ ਤਾਲਿਬਾਨ ਦੇ ਕਬਜ਼ੇ ਵਿਚ ਆਇਆ ਤਾਂ ਓਥੋਂ ਦੇ ਚਹਾਰ ਜ਼ਿਲੇ ਵਿੱਚ ਸਲੀਮਾ ਮਜ਼ਾਰੀ ਉਨ੍ਹਾਂ ਦੀ ਕੈਦ ਵਿੱਚ ਆ ਗਈ। ਇਸ ਦੇਸ਼ ਵਿਚ ਕੁੱਲ ਤਿੰਨ ਗਵਰਨਰ ਬੀਬੀਆਂ ਵਿਚੋਂ ਸਲੀਮਾ ਪਹਿਲੀ ਸੀ। ਉਸ ਦੇ ਸੂਬੇ ਚਹਾਰ ਵਿਚ ਕਰੀਬ 32 ਹਜ਼ਾਰ ਤੋਂ ਵੱਧ ਆਬਾਦੀ ਹੈ, ਜਿੱਥੇ ਅਖੀਰ ਤੱਕ ਉਸ ਨੇ ਤਾਲਿਬਾਨ ਨੂੰ ਕਬਜ਼ਾ ਨਹੀਂ ਸੀ ਕਰਨ ਦਿੱਤਾ।

ਸਲੀਮਾ ਮਜ਼ਾਰੀ ਦਾ ਜਨਮ ਈਰਾਨ ਵਿਚ ਹੋਇਆ ਸੀ, ਪਰ ਸੋਵੀਅਤ ਰੂਸ ਦੀਆਂ ਫੌਜਾਂ ਨਾਲ ਜੰਗ ਦੇ ਸਮੇਂ ਉਹ ਅਫ਼ਗਾਨਿਸਤਾਨ ਵਿਚ ਆਈ ਸੀ। ਉਹ ਤਹਿਰਾਨ ਯੂਨੀਵਰਸਿਟੀ ਤੋਂ ਪੜ੍ਹੀ ਹੋਈ ਹੈ, ਪਰ ਬਾਅਦ ਵਿਚ ਅਫ਼ਗਾਨਿਸਤਾਨ ਲਈ ਉਹ ਰਾਜਨੀਤੀ ਦੇ ਰਾਹ ਪਈ ਤੇ ਫਿਰ ਤਾਲਿਬਾਨ ਨਾਲ ਲੜਨ ਲਈ ਬੰਦੂਕ ਚੁੱਕੀ ਸੀ।

## ਅਮਰੀਕਾ 'ਚ ਮਾਰਚ ਪਿੱਛੋਂ ਇੱਕੋ ਦਿਨ ਕੋਰੋਨਾ ਨਾਲ 1000 ਤੋਂ ਵੱਧ ਮੌਤਾਂ



ਵਾਸ਼ਿੰਗਟਨ, 18 ਅਗਸਤ, (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਨਾਲ ਕੱਲ੍ਹ ਇੱਕੋ ਦਿਨ1000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।ਖਬਰ ਏਜੰਸੀ ਦੇ ਅਨੁਸਾਰ ਅਮਰੀਕਾ ਵਿੱਚ ਬੀਤੇ ਇੱਕੋ ਦਿਨ1000 ਤੋਂ ਵੱਧ ਕੋਰੋਨਾ ਮੌਤਾਂ ਹੋਈਆਂ ਹਨ, ਜਿਸ ਦਾ ਅਰਥ ਇਕ ਘੰਟੇ ਵਿੱਚ 42 ਮੌਤਾਂ ਬਣਦਾ ਹੈ।ਇਸ ਦਿਨ 1017 ਮੌਤਾਂ ਦਾ ਹੋਣਾ ਅਮਰੀਕਾ ਵਿੱਚ ਮਾਰਚ ਤੋਂ ਬਾਅਦ ਕੋਰੋਨਾ ਨਾਲ ਸਭ ਤੋਂ ਵੱਧ ਮੌਤਾਂ ਦਾ ਅੰਕੜਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਕੋਰੋਨਾ ਨਾਲ ਅੱਜ ਤਕ 6 ਲੱਖ 30 ਹਜ਼ਾਰ ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਤੇ ਦੁਨੀਆਵਿੱਚ ਕੋਰੋਨਾ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਅਮਰੀਕਾ ਪਹਿਲੇ ਨੰਬਰ ਉੱਤੇ ਹੈ।ਇਸ ਦੌਰਾਨ ਅਮਰੀਕਾ ਵਿੱਚ ਕੋਰੋਨਾ ਦੇ ਕੇਸਾਂ ਵਿੱਚਹੋਰ ਤੇਜ਼ੀ ਦੇਖੀ ਗਈ ਹੈ। ਡੈਲਟਾ ਵੇਰੀਐਂਟ ਵੀ ਇਸ ਦੇਸ਼ ਵਿੱਚ ਵਧੀਜਾਂਦਾ ਹੈ ਅਤੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਤੇਜ਼ੀ ਨਾਲ ਵਧਣ ਕਾਰਨ ਹਸਪਤਾਲਾਂ ਵਿੱਚ ਬੈੱਡ ਦੀ ਕਮੀ ਆ ਰਹੀ ਹੈ।

## ਅਫ਼ਗਾਨਿਸਤਾਨ ਮੁੱਦੇ ਉੱਤੇ 24 ਘੰਟਿਆਂ ਵਿੱਚ ਭਾਰਤ ਦੇ ਮੰਤਰੀਆਂ ਦੀ ਦੂਸਰੀ ਬੈਠਕ

* ਪ੍ਰਧਾਨ ਮੰਤਰੀ ਨੇ ਭਾਰਤੀਆਂ ਨੂੰ ਜਲਦੀ ਕੱਢਣ ਦੇ ਹੁਕਮ ਦਿੱਤੇ



ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਪਲ-ਪਲ ਬਦਲਦੇ ਹਾਲਾਤ ਵੱਲ ਵੇਖ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਸੁਰੱਖਿਆ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀਸੀ ਐੱਸ) ਨੇ 24 ਘੰਟਿਆਂ ਵਿੱਚ ਬੁੱਧਵਾਰ ਦੂਸਰੀ ਬੈਠਕ ਕੀਤੀ, ਜਿਸ ਵਿੱਚ ਪ੍ਰਧਾਨ ਮੰਤਰੀ ਨੇ ਕੁਝ ਦਿਨਾਂ ਵਿੱਚ ਅਫ਼ਗਾਨਿਸਤਾਨ ਤੋਂ ਸਾਰੇ ਭਾਰਤੀਆਂ ਨੂੰ ਕੱਢ ਲਿਆਉਣ ਅਤੇ ਉੱਥੇ ਰਹਿੰਦੇ ਹਿੰਦੂਆਂ ਅਤੇ ਸਿੱਖਾਂ ਦੀ ਸੁਰੱਖਿਆ ਨੂੰ ਹਰ ਤਰ੍ਹਾਂ ਪੱਕਾ ਕਰਨ ਦੀ ਸਰਕਾਰ ਦੀ ਰਣਨੀਤੀ ਦੀ ਸਮੀਖਿਆ ਕੀਤੀ ਹੈ।

ਇਸ ਤੋਂ ਪਹਿਲਾਂ ਅਫ਼ਗਾਨਿਸਤਾਨ ਦੇ ਹਾਲਾਤ ਉੱਤੇ ਚਰਚਾ ਲਈ ਸੀਸੀਐੱਸ ਦੀ ਬੈਠਕ ਮੰਗਲਵਾਰ ਸ਼ਾਮ ਨੂੰ ਹੋਈ ਸੀ।ਉਸ ਬੈਠਕ ਵਿੱਚ ਪ੍ਰਧਾਨ ਮੰਤਰੀ ਨੇ ਅਧਿਕਾਰੀਆਂ ਨੂੰ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਹਿੰਦੂਆਂ ਅਤੇ ਸਿੱਖਾਂ ਨੂੰ ਪਨਾਹ ਦੇਣ ਤੇ ਅਫ਼ਗਾਨਿਸਤਾਨੀ ਨਾਗਰਿਕਾਂ ਨੂੰ ਹਰ ਸੰਭਵ ਮਦਦ ਦੇ ਨਿਰਦੇਸ਼ ਦਿੱਤੇ ਸਨ।ਅੱਜ ਬੁੱਧਵਾਰ ਦੀ ਬੈਠਕ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ, ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਨਾਲਕੌਮੀ ਸੁਰੱਖਿਆ ਸਲਾਹਕਾਰ ਅਜੀਤ, ਡੋਭਾਲ, ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸੈਕਟਰੀ ਪੀ ਕੇ ਮਿਸ਼ਰ, ਵਿਦੇਸ਼ ਸੈਕਟਰੀ ਹਰਸ਼ ਸ਼੍ਰਿੰਗਲਾ ਅਤੇ ਕੈਬਨਿਟ ਸੈਕਟਰੀ ਰਾਜੀਵ ਗੌਬਾ ਵੀ ਮੌਜੂਦ ਸਨ।

ਇਸ ਦੌਰਾਨ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਭਾਰਤ ਸਰਕਾਰ ਅਫ਼ਗਾਨਿਸਤਾਨ ਤੋਂ ਆਉਂਦੇ ਹਿੰਦੂਆਂ ਤੇ ਸਿੱਖਾਂ ਨੂੰ ਤੁਰੰਤ ਪਨਾਹ ਦੇਣ ਬਾਰੇ ਕਹਿ ਚੁੱਕੀ ਹੈ, ਜਿਨ੍ਹਾਂ ਨੂੰ ਪਿੱਛੋਂ ਨਵੇਂ ਨਾਗਰਿਕਤਾ ਸੋਧ ਕਾਨੂੰਨ ਪੱਕੀ ਨਾਗਰਿਕਤਾ ਦੇ ਦਿੱਤੀ ਜਾਵੇਗੀ। ਸਰਕਾਰ ਨੇ ਅਫ਼ਗਾਨਿਸਤਾਨ ਵਿੱਚ ਰਹਿੰਦੇ ਹਿੰਦੂਆਂ ਅਤੇ ਸਿੱਖਾਂ ਲਈ ਐਮਰਜੈਂਸੀ ਵੀਜ਼ਾ ਸਹੂਲਤ ਸ਼ੁਰੂ ਕੀਤੀ ਹੈ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਦੀਆਂ ਅਰਜ਼ੀਆਂ ਨੂੰ ਪਹਿਲ ਦੇ ਆਧਾਰ ਉੱਤੇਵੇਖਣ ਲਈ ਕਿਹਾ ਗਿਆ ਹੈ।

## ਰਾਮ ਰਹੀਮ ਦੀਆਂ ਮੁਸ਼ਕਲਾਂ ਵਧੀਆਂ: ਡੇਰਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਪੰਚਕੂਲਾ ਕੋਰਟ ਨੇ ਫ਼ੈਸਲਾ ਰਿਜ਼ਰਵ ਰੱਖ ਲਿਆ

* ਕੇਸ ਦੀ ਅਗਲੀ ਸੁਣਵਾਈ 24 ਅਗਸਤ ਨੂੰ

ਪੰਚਕੂਲਾ, 18 ਅਗਸਤ, (ਪੋਸਟ ਬਿਊਰੋ)- ਹਰਿਆਣਾ ਦੇ ਜ਼ਿਲਾ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚਸਜ਼ਾ ਭੁਗਤਦੇ ਪਏ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਅੱਜਉਸ ਦੇ ਸਿਰਸੇ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਦੇ ਕੇਸ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ ਅਤੇ ਇਸ ਕੇਸਦਾ ਫੈਸਲਾ 24 ਅਗਸਤ ਨੂੰ ਆ ਸਕਦਾ ਹੈ। ਇਸਕਤਲ ਕੇਸਦੇ ਦੋਸ਼ੀਆਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਮੁੱਖ ਦੋਸ਼ੀ ਹੈ ਅਤੇ ਪੰਜ ਸੇਵਾਦਾਰ ਵੀ ਦੋਸ਼ੀ ਹਨ।

ਵਰਨਣ ਯੋਗ ਹੈ ਕਿ ਡੇਰਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇਸ ਵਕਤ ਸਾਧਵੀਆਂ ਦੇਬਲਾਤਕਾਰਦੇ ਕੇਸਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਕੇਸ ਵਿੱਚ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਪੰਚਕੂਲਾ ਦੀ ਅਦਾਲਤ ਵਿੱਚ ਅੱਜਉਸ ਦੇ ਸਿਰਸੇ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਸੁਣਵਾਈ ਪੂਰੀ ਹੋ ਗਈ ਅਤੇ ਇਸ ਸੀਬੀਆਈ ਅਦਾਲਤ ਨੇ ਅੱਜ ਬੁੱਧਵਾਰ ਸੁਣਵਾਈ ਪਿੱਛੋਂਰਣਜੀਤ ਸਿੰਘ ਕਤਲ ਕੇਸਦਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਪਿਛਲੀ ਸੁਣਵਾਈ ਵਿੱਚ ਬਹਿਸ ਪੂਰੀ ਹੋ ਚੁੱਕੀ ਹੋਣ ਕਾਰਨ ਅੱਜ ਵਾਲੀ ਸੁਣਵਾਈ ਦੌਰਾਨ ਅਦਾਲਤ ਨੇਇਸ ਕੇਸ ਵਿੱਚ ਅਗਲੀ ਤਰੀਕ 24 ਅਗਸਤ ਤੈਅ ਕਰ ਦਿੱਤੀ ਹੈ, ਜਿਸ ਦਿਨ ਸੀਬੀ ਆਈ ਕੋਰਟ ਵੱਲੋਂ ਇਸ ਕੇਸਦਾ ਆਖਰੀ ਫ਼ੈਸਲਾ ਸੁਣਾਇਆ ਜਾ ਸਕਦਾ ਹੈ।

ਕੇਸ ਦੇ ਵੇਰਵੇ ਅਨੁਸਾਰ 10 ਜੁਲਾਈ 2002 ਨੂੰ ਇਸ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਜ਼ਿਲਾ ਕੁਰੂਕਸ਼ੇਤਰ ਦੇ ਵਾਸੀ ਰਣਜੀਤ ਸਿੰਘ ਦਾ ਕਤਲ ਹੋ ਗਿਆ ਸੀ। ਡੇਰਾ ਮੈਨੇਜਮੈਂਟ ਨੂੰ ਇਹ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਸਾਧਵੀਆਂ ਨਾਲ ਬਲਾਤਕਾਰ ਦੀ ਗੁੰਮਨਾਮ ਚਿੱਠੀ ਆਪਣੀ ਭੈਣ ਤੋਂ ਲਿਖਵਾਈ ਸੀ। ਪੁਲਿਸਜਾਂਚ ਤੋਂ ਤਸੱਲੀ ਨਾ ਹੋਣ ਕਾਰਨ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 ਵਿੱਚ ਹਾਈ ਕੋਰਟਨੂੰਅਰਜ਼ੀ ਦੇ ਕੇ ਇਸ ਕੇਸ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ।ਉਸ ਨੇ ਦੋਸ਼ ਲਾਇਆ ਸੀ ਕਿ ਡੇਰਾ ਸਿਰਸਾ ਦੇ ਪੰਜ ਮੈਂਬਰਾਂ ਅਵਤਾਰ, ਇੰਦਰ ਸੈਣੀ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਤੇ ਸ਼ਬਦਿਲ ਸਿੰਘ ਨੇਰਾਮ ਰਹੀਮ ਦੇ ਕਹਿਣ ਉੱਤੇ ਰਣਜੀਤ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਘੜੀ ਸੀ।ਇਸ ਕੇਸ ਦੇਤਿੰਨ ਅਹਿਮ ਗਵਾਹਾਂ ਵਿਚੋਂ ਦੋ ਜਣਿਆਂ ਸੁਖਦੇਵ ਸਿੰਘ ਤੇ ਜੋਗਿੰਦਰ ਸਿੰਘ ਨੇ ਦੋਸ਼ੀਆਂ ਨੂੰ ਰਣਜੀਤ ਸਿੰਘ ਉੱਤੇ ਗੋਲ਼ੀ ਚਲਾਉਂਦੇ ਦੇਖਿਆ ਸੀ। ਤੀਸਰਾ ਗਵਾਹ ਗੁਰਮੀਤ ਰਾਮ ਰਹੀਮ ਸਿੰਘ ਦਾ ਸਾਬਕਾ ਡਰਾਈਵਰ ਖੱਟਾ ਸਿੰਘ ਸੀ, ਜਿਸ ਦਾ ਕਹਿਣਾ ਹੈ ਕਿ ਉਸ ਦੇ ਸਾਹਮਣੇ ਡੇਰਾ ਮੁਖੀ ਨੇ ਰਣਜੀਤ ਸਿੰਘ ਨੂੰ ਮਾਰਨ ਲਈ ਕਿਹਾ ਸੀ।

# ਅਮਰੀਕਾ ਨੇ ਅਫਗਾਨਿਸਤਾਨੀ ਕੇਂਦਰੀ ਬੈਂਕ ਦੀ 950 ਕਰੋੜ ਡਾਲਰ ਦੀ ਜਾਇਦਾਦ ਜ਼ਬਤ ਕੀਤੀ

* ਅਫਗਾਨ ਡਿਪਲੋਮੈਟ ਵੱਲੋਂ ਗਨੀ ਉੱਤੇ 16.9 ਕਰੋੜ ਡਾਲਰ ਦੀ ਚੋਰੀ ਦਾ ਦੋਸ਼




ਵਾਸ਼ਿੰਗਟਨ, 18 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨਉੱਤੇਤਾਲਿਬਾਨ ਦਾਕ-ਬਜ਼ਾ ਹੋਣ ਮਗਰੋਂ ਅਮਰੀਕਾ ਨੇ ਉਸ ਦੇਸ਼ ਦਾ ਖਜ਼ਾਨਾ ਤਾਲਿਬਾਨ ਦੀ ਪਹੁੰਚ ਤੋਂ ਦੂਰ ਰੱਖਣ ਵਾਲੇ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਇਸ ਲਈਅਮਰੀਕਾ ਨੇ ਅਫਗਾਨਿਸਤਾਨ ਦੇ ਸੈਂਟਰਲ ਬੈਂਕ ਦੀ ਕਰੀਬ 950ਕਰੋੜ ਡਾਲਰ (ਯਾਨੀ 70600 ਕਰੋੜ ਭਾਰਤੀ ਰੁਪਏ ਤੋਂ ਵੱਧ) ਦੀ ਜਾਇਦਾਦ ਜ਼ਬਤ ਕਰਲਈ ਹੈ। ਇਹੀ ਨਹੀਂ, ਅਫਗਾਨਿਸਤਾਨ ਦਾ ਤਾਲਿਬਾਨ ਦੇ ਕੋਲਖਜ਼ਾਨਾ ਨਾ ਚਲਾ ਜਾਵੇ, ਇਸ ਮਕਸਦ ਲਈ ਅਮਰੀਕਾ ਨੇ ਹਾਲ ਦੀ ਘੜੀ ਅਫਗਾਨਿਸਤਾਨ ਨੂੰ ਕੈਸ਼ਸਪਲਾਈ ਰੋਕ ਦਿੱਤੀ ਹੈ। ਅਮਰੀਕਾਦੇ ਖਜ਼ਾਨਾ ਮੰਤਰਾਲਾ ਨੇ ਫੈਡਰਲ ਰਿਜ਼ਰਵ ਤੇ ਹੋਰ ਅਮਰੀਕੀ ਬੈਂਕਾਂ ਵੱਲੋਂ ਪਾਬੰਦੀਸ਼ੁਦਾ ਕੈਸ਼ ਰਿਜ਼ਰਵ ਨੂੰ ਤਾਲਿਬਾਨ ਸਰਕਾਰ ਦੀ ਪਹੁੰਚ ਵਿੱਚ ਜਾਣ ਤੋਂ ਰੋਕਣ ਲਈ ਇਹ ਸਾਰੇ ਕਦਮ ਚੁੱਕੇ ਹਨ।

ਇੱਕ ਰਿਪੋਰਟ ਮੁਤਾਬਕ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀਸਰਕਾਰ ਦੇ ਇੱਕ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਵਿੱਚ ਅਫਗਾਨ ਸਰਕਾਰ ਦੇ ਸੈਂਟਰਲ ਬੈਂਕ ਦੀ ਜਾਇਦਾਦ ਤਾਲਿਬਾਨ ਨੂੰ ਨਹੀਂ ਮਿਲੇਗੀ,ਸਗੋਂ ਵਿੱਤ ਮੰਤਰਾਲਾ ਦੀ ਪਾਬੰਦੀਆਂ ਦੀ ਸੂਚੀ ਵਿੱਚ ਰਹੇਗੀ। ਅਮਰੀਕਾ ਦੀ ਸਰਕਾਰ ਵੱਲੋਂ ਇਸ ਰੋਕ ਦਾ ਅਰਥ ਹੈ ਕਿ ਇਸ ਪਿੱਛੋਂ ਤਾਲਿਬਾਨਕੋਈ ਫੰਡ ਨਹੀਂ ਵਰਤ ਸਕਦੇ, ਪਰ ਇਸ ਬਾਰੇ ਅਮਰੀਕਾ ਦੇ ਖਜ਼ਾਨ ਮੰਤਰਾਲਾ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾਹੈ। ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਅਫਗਾਨਿਸਤਾਨ ਨੂੰ ਦਿੱਤੇਜਿਨ੍ਹਾਂ ਹਥਿਆਰਾਂ ਉੱਤੇਤਾਲਿਬਾਨ ਨੇ ਕਬਜ਼ਾ ਕਰ ਲਿਆ ਹੈ, ਸਾਨੂੰ ਆਸ ਨਹੀਂ ਕਿਉਨ੍ਹਾਂ ਨੂੰ ਉਹ ਕਦੀ ਵਾਪਸਕਰੇਗਾ।

ਓਧਰ ਤਾਜਿਕਸਤਾਨ ਵਿੱਚ ਅਫਗਾਨਿਸਤਾਨ ਦੇ ਦੂਤ ਮੁਹੰਮਦ ਜ਼ਹੀਰ ਅਘਬਾਰ ਨੇ ਰਾਸ਼ਟਰਪਤੀ ਅਸ਼ਰਫ ਗਨੀ ਉੱਤੇ ਸਰਕਾਰੀ ਫੰਡ ਵਿੱਚੋਂ 16.9 ਕਰੋੜ ਡਾਲਰ ਚੋਰੀ ਕਰਨ ਦਾ ਦੋਸ਼ ਲਾਇਆ ਤੇ ਅੰਤਰਰਾਸ਼ਟਰੀ ਪੁਲਸ (ਇੰਟਰਪੋਲ) ਤੋਂ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।ਤਾਲਿਬਾਨ ਜਦੋਂ ਕਾਬੁਲ ਨੇੜੇ ਪਹੁੰਚੇ ਤਾਂ ਅਸ਼ਰਫ ਗਨੀ ਐਤਵਾਰ ਦੇਸ਼ ਛੱਡ ਗਏ ਸਨ ਤੇ ਬੁੱਧਵਾਰ ਤੱਕ ਉਨ੍ਹਾਂ ਦੇ ਟਿਕਾਣੇ ਦਾ ਪਤਾ ਨਹੀਂ ਸੀ।ਪਿੱਛੋਂ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੇ ਕਿਹਾ ਕਿ ਉਸ ਨੇ ਮਨੁੱਖੀ ਆਧਾਰ ਉੱਤੇ ਗਨੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਏਥੇ ਰਹਿਣ ਦਿੱਤਾ ਹੈ।ਤਾਜਿਕਸਤਾਨ ਵਿੱਚ ਅਫਗਾਨ ਦੂਤ ਮੁਹੰਮਦ ਜ਼ਹੀਰ ਅਘਬਾਰ ਨੇ ਕਿਹਾ ਕਿ ਅਸ਼ਰਫ ਗਨੀ ਨੇ ਸਰਕਾਰੀ ਖਜ਼ਾਨੇਵਿੱਚੋਂ 16.9 ਕਰੋੜ ਡਾਲਰ ਚੋਰੀ ਕੀਤੇ ਹਨ ਤੇ ਉਸ ਦੇ ਦੌੜਨ ਨੂੰ 'ਦੇਸ਼ ਅਤੇ ਸਰਕਾਰ ਨਾਲ ਵਿਸ਼ਵਾਸਘਾਤ' ਕਿਹਾ ਜਾ ਸਕਦਾ ਹੈ।

ਤੀਸਰੇ ਪਾਸੇ ਅਫਗਾਨਿਸਤਾਨ ਦੇ ਕੇਂਦਰੀ ਬੈਂਕ ਦੇ ਗਵਰਨਰ ਨੇ ਕਿਹਾ ਹੈ ਕਿ ਦੇਸ਼ ਦਾ ਕਰੀਬ 9 ਅਰਬ ਡਾਲਰ ਦਾ ਰਿਜ਼ਰਵ ਖਜ਼ਾਨਾ ਵਿਦੇਸ਼ਾਂ ਵਿੱਚ ਹੈ ਅਤੇ ਦੇਸ਼ ਵਿੱਚ ਨਕਦੀ ਵਜੋਂ ਕੋਈ ਵਿਦੇਸ਼ੀ ਕਰੰਸੀ ਨਹੀਂ। ਅਫਗਾਨਿਸਤਾਨ ਦੇ ਕੇਂਦਰੀ ਬੈਂਕ ਦੇ ਮੁਖੀ ਅਜਮਲ ਅਹਿਮਦੀ ਨੇ ਅੱਜ ਬੁੱਧਵਾਰ ਟਵੀਟ ਕਰ ਕੇ ਦੱਸਿਆ ਕਿ ਦੇਸ਼ ਦੇ ਕਰੀਬ 900 ਕਰੋੜ ਡਾਲਰ ਦੀ ਰਿਜ਼ਰਵ ਵਿੱਚੋਂ 700 ਕਰੋੜ ਡਾਲਰ ਅਮਰੀਕੀ ਫੈਡਰਲ ਰਿਜ਼ਰਵ ਦੇ ਬਾਂਡ, ਜਾਇਦਾਦ ਅਤੇ ਸੋਨਾ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਕੋਲ ਅਮਰੀਕੀ ਕਰੰਸੀ ਦਾ ਰਿਜ਼ਰਵ ਜ਼ੀਰੋ ਹੈ ਤੇ ਦੇਸ਼ ਵਿੱਚਤਾਲਿਬਾਨ ਦੇ ਕਬਜ਼ੇ ਹੇਠ ਦੇਸ਼ ਨੂੰ ਨਕਦੀ ਦਾ ਕੋਈ ਭੰਡਾਰ ਨਹੀਂ ਮਿਲ ਸਕਿਆ। ਉਨ੍ਹਾਂ ਲਿਖਿਆ ਕਿ ਨਵੀਂ ਕੈਸ਼ ਸਪਲਾਈ ਨਹੀਂ ਆ ਸਕੀ। ਗਵਰਨਰ ਨੇ ਕਿਹਾ ਕਿ ਅਮਰੀਕੀ ਡਾਲਰ ਦੀ ਕਮੀ ਕਾਰਨ ਅਫਗਾਨਿਸਤਾਨ ਦੀ ਕਰੰਸੀ ਦਾ ਮੁੱਲ ਵੀ ਡਿੱਗੇਗਾ ਅਤੇ ਮਹਿੰਗਾਈ ਹੋਰ ਵਧੇਗੀ, ਜਿਸ ਦਾ ਸਿੱਧਾ ਅਸਰ ਗਰੀਬ ਜਨਤਾ ਉੱਤੇ ਪਵੇਗਾ।

## ਦੋ ਟ੍ਰੇਲਰਾਂ ਦੀ ਟੱਕਰ ਪਿੱਛੋਂ ਲੱਗੀ ਅੱਗ ਕਾਰਨ 4 ਲੋਕ ਜਿਊਂਦੇ ਸੜੇ

ਜੈਪੁਰ, 18 ਅਗਸਤ (ਪੋਸਟ ਬਿਊਰੋ)- ਰਾਜਸਥਾਨ ਦੇ ਅਜਮੇਰ ਸ਼ਹਿਰ ਦੇ ਆਦਰਸ਼ ਨਗਰ ਥਾਣੇਦੇਇਲਾਕੇ ਵਿੱਚ ਦੋ ਟ੍ਰੇਲਰਾਂ ਦੀ ਜ਼ੋਰਦਾਰ ਟੱਕਰ ਨਾਲ ਭਿਆਨਕ ਅੱਗ ਲੱਗਣ ਦੇ ਕਾਰਨ ਟ੍ਰੇਲਰਾਂ ਵਿੱਚ ਸਵਾਰ ਚਾਰ ਲੋਕ ਜਿਊਂਦੇ ਸੜ ਗਏ। ਹਾਦਸੇ ਦੀ ਸੂਚਨਾ ਪਿੱਛੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਆਣ ਕੇ ਅੱਗ ਉੱਤੇ ਕਾਬੂ ਪਾਇਆ। ਪੁਲਸ ਦੇ ਦੱਸਣ ਮੁਤਾਬਕ ਹਾਲੇ ਤੱਕ ਮ੍ਰਿਤਕਾਂ ਦੀ ਸ਼ਨਾਖਤ ਨਹੀਂ ਹੋ ਸਕੀ। ਇਹ ਹਾਦਸਾ ਨੈਸ਼ਨਲ ਹਾਈਵੇ-8 ਉੱਤੇ ਸਵੇਰੇ ਕਰੀਬ 6 ਵਜੇ 'ਮਾਮੇ ਦਾ ਢਾਬਾ' ਨੇੜੇ ਹੋਇਆ। ਓਦੋਂ ਟਾਈਲਸ ਪੌਡਰ ਨਾਲ ਭਰਿਆ ਇੱਕ ਟ੍ਰੇਲਰ ਜੈਪੁਰ ਤੋਂ ਬਿਆਵਰ ਵੱਲ ਜਾ ਰਿਹਾ ਸੀ। ਇਸ ਦੌਰਾਨ ਉਹ ਸੰਤੁਲਨ ਗੁਆ ਕੇ ਡਿਵਾਈਡਰ ਪਾਰ ਕਰ ਕੇ ਦੂਜੇ ਪਾਸੇ ਆ ਗਿਆ ਅਤੇ ਬਿਆਵਰ ਤੋਂ ਜੈਪੁਰ ਜਾ ਰਹੇ ਦੂਜੇ ਟ੍ਰੇਲਰ ਨਾਲ ਜਾ ਵੱਜਾ। ਉਸ ਟ੍ਰੇਲਰ ਵਿੱਚ ਮਾਰਬਲ ਦੀਆਂ ਥੱਪੀਆਂ ਭਰੀਆਂ ਸਨ। ਦੋਹਾਂ ਵਾਹਨਾਂ ਦੀ ਟੱਕਰ ਨਾਲ ਉਨ੍ਹਾਂਨੂੰ ਅੱਗ ਲੱਗ ਗਈ। ਇਸ ਦੌਰਾਨ ਦੋਵੇਂ ਡਰਾਈਵਰ ਅਤੇ ਕੰਡਕਟਰ ਉਨ੍ਹਾਂ ਵਿੱਚ ਫਸ ਕੇ ਗਏ, ਪਰ ਇਨ੍ਹਾਂ ਵਿੱਚੋਂ ਇੱਕ ਟ੍ਰੇਲਰ ਵਿੱਚ ਸਵਾਰ ਇੱਕ ਸਟਾਫ ਮੈਂਬਰ ਨੇ ਛਾਲ ਮਾਰ ਕੇ ਆਪਣੀ ਜਾਨ ਬਚਾ ਲਈ। ਹਾਦਸੇ ਪਿੱਛੋਂ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਨੈਸ਼ਨਲ ਹਾਈਵੇ ਜਾਮ ਹੋ ਗਿਆ।

BEST CANADIAN TRUCK & FORKLIFT TRAINING CENTRE

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333

27 Edvac Dr, Brampton, ON L6S 5X8

## ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੇ ਮੈਨਪੁਰੀ ਦੇ ਨਾਮ ਬਦਲਣ ਦੀ ਮੰਗ ਵੀ ਉੱਠ ਪਈ

ਅਲੀਗੜ੍ਹ, 18 ਅਗਸਤ (ਪੋਸਟ ਬਿਊਰੋ)- ਪ੍ਰਸਿੱਧ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਾਲੇ ਸ਼ਹਿਰ ਅਲੀਗੜ੍ਹ ਦਾ ਨਾਂਅ ਬਦਲ ਕੇ ਜਲਦੀ ਹੀ ਹਰੀਗੜ੍ਹ ਰੱਖਿਆ ਜਾ ਸਕਦਾ ਹੈ। ਜ਼ਿਲ੍ਹਾ ਪੰਚਾਇਤ ਨੇ ਨਾਂਅ ਬਦਲਣ ਬਾਰੇ ਇਹ ਤਜਵੀਜ਼ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ਭੇਜ ਦਿੱਤੀ ਹੈ, ਜਿਸ ਬਾਰੇ ਫੈਸਲਾ ਰਾਜ ਸਰਕਾਰ ਨੇ ਕਰਨਾ ਹੈ।

ਨਵੀਂ ਚੁਣੀ ਗਈ ਜ਼ਿਲ੍ਹਾ ਪੰਚ-ਾਇਤ ਦੇ ਚੇਅਰਮੈਨ ਵਿਜੈ ਸਿੰਘ ਨੇ ਕੱਲ੍ਹ ਮੀਡੀਆ ਨੂੰ ਦੱਸਿਆ ਕਿ ਅਲੀਗੜ੍ਹ ਦਾ ਨਾਂਅਬਦਲ ਕੇ ਹਰੀਗੜ੍ਹ ਕਰਨ ਬਾਰੇ ਮਤਾ ਸਰਬ ਸੰਮਤੀ ਨਾਲ ਪਾਸ ਕਰ ਕੇ ਸੂਬਾ ਸਰਕਾਰ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਬੀਤੇ ਐਤਵਾਰ ਨੂੰ ਉਤਰ ਪ੍ਰਦੇਸ਼ ਕਸ਼ੱਤਰੀਆ ਮਹਾਸਭਾ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਸ਼ੈਲੇਂਦਰ ਸਿੰਘ ਨੇ ਇੱਕ ਮਤਾ ਜ਼ਿਲ੍ਹਾ ਪੰਚਾਇਤ ਅੱਗੇ ਪੇਸ਼ ਕਰ ਕੇ ਨਾਂਅ ਬਦਲਣ ਦੀ ਮੰਗ ਉਠਾਈ ਸੀ। ਇਸ ਦਾ ਆਖਰੀ ਫੈਸਲਾ ਸੂਬਾ ਸਰਕਾਰ ਨੇ ਲੈਣਾ ਹੈ ਅਤੇ ਇਸ ਦੇ ਹੋ ਜਾਣ ਦੀ ਆਸ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਫਿਰੋਜ਼ਾਬਾਦ ਦਾ ਨਾਂਅ ਬਦਲਣ ਬਾਰੇ ਵੀ ਮਤਾ ਪਾਸ ਹੋਇਆ ਸੀ। ਤਾਜ਼ਾ ਫੈਸਲੇ ਬਾਰੇ ਜ਼ਿਲ੍ਹਾ ਪੰਚਾਇਤ ਦੇ ਮੁਖੀਨੇ ਕਿਹਾ ਕਿ ਇਹ ਮੰਗਲੰਮੇ ਸਮੇਂ ਤੋਂ ਲਟਕ ਰਹੀ ਹੈ। ਇਸ ਤੋਂ ਪਹਿਲਾਂ ਸਥਾਨਕ ਭਾਜਪਾ ਆਗੂ ਅਲੀਗੜ੍ਹ ਹਵਾਈ ਅੱਡੇ ਦਾ ਨਾਂਅ ਬਦਲ ਕੇ ਭਾਜਪਾ ਆਗੂ ਕਲਿਆਣ ਸਿੰਘ ਦੇ ਨਾਂਅ ਉੱਤੇ ਰੱਖਣ ਦਾ ਮਤਾ ਵੀ ਪਾਸ ਕਰ ਚੁੱਕੇ ਹਨ। ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਇੱਥੋਂ ਦੇ ਰਹਿਣ ਵਾਲੇ ਸਨ। ਮੈਨਪੁਰੀ ਜ਼ਿਲ੍ਹਾ ਪੰਚ-ਾਇਤ ਨੇ ਮਤਾ ਪਾਸ ਕਰ ਕੇ ਮੈਨਪੁਰੀ ਦਾ ਨਾਂਅ ਬਦਲਣ ਅਤੇ ਮਯਨ ਨਗਰ ਰੱਖਣ ਦੀ ਮੰਗਕੀਤੀ ਹੈ। ਮੈਨਪੁਰੀ ਦੀ ਸਥਾਪਨਾ ਮਯਨ ਸੰਤ ਨੇ ਕੀਤੀ ਸੀ। ਇਹ ਸ਼ਹਿਰ ਸਮਾਜਵਾਦੀ ਪਾਰਟੀ ਦਾ ਗੜ੍ਹ ਹੈ ਅਤੇ ਮੁਲਾਇਮ ਸਿੰਘ ਯਾਦਵ ਇਸ ਹਲਕੇ ਤੋਂ ਪੰਜ ਵਾਰ ਜਿੱਤ ਚੁੱਕੇ ਹਨ। ਫਿਰੋਜ਼ਾਬਾਦ ਦਾ ਨਾਂਅ ਬਦਲ ਕੇ ਚੰਦਰ ਨਗਰ ਰੱਖਣ ਦੀ ਮੰਗ ਵੀ ਕੀਤੀ ਜਾ ਚੁੱਕੀ ਹੈ।

## ਐਸ ਆਈ ਟੀ ਨੇ ਬੱਚੀ ਦੀ ਮੌਤ ਕੂਲਰ ਦੇ ਕਰੰਟ ਨਾਲ ਹੋਣ ਦਾ ਦੋਸ਼ ਝੂਠਾ ਮੰਨਿਆ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਵਿੱਚ 9 ਸਾਲਾ ਦਲਿਤ ਕੁੜੀ ਨਾਲ ਬਲਾਤਕਾਰ ਅਤੇ ਕਤਲ ਦੇ ਕੇਸ ਵਿੱਚ ਨਵੇਂ ਘਟਨਾ-ਚੱਕਰ ਵਿੱਚ ਐਸ ਆਈ ਟੀ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਉੱਤੇ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਪੀੜਤ ਬੱਚੀ ਦੀ ਮੌਤ ਕਰੰਟ ਲੱਗਣ ਨਾਲ ਹੋਣ ਦੀ ਸੰਭਾਵਨਾ ਰੱਦ ਕਰਦਿਆਂ ਕਿਹਾ ਹੈ ਕਿ ਇਹ ਸਾਬਤ ਹੋ ਗਿਆ ਹੈ ਕਿ ਦੋਸ਼ੀਆਂ ਨੇ ਪੁਲਸ ਨੂੰ ਭੁਲੇਖੇ ਵਿੱਚ ਪਾਉਣ ਦਾ ਯਤਨ ਕੀਤਾ ਸੀ। ਇਸ ਘਟਨਾ ਦਾ ਸੀਨ ਰੀਕ੍ਰਿਏਸ਼ਨ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਮਾਹਿਰਾਂ ਨੇ ਦੱਸਿਆ ਕਿ ਵਾਟਰ ਕੂਲਰ ਵਿੱਚ ਸ਼ਾਰਟ ਸਰਕਿਟ ਹੋਣ ਦਾ ਸਬੂਤ ਨਹੀਂ ਮਿ-ਲਆ। ਸ਼ਮਸ਼ਾਨਘਾਟ ਵਿੱਚ ਬਿਜਲੀ ਦਾ ਕੰਮ ਦੇਖਣ ਵਾਲੇ ਕਰਿੰਦੇ, ਜਿਹੜਾ ਖੁਦ ਵੀ ਦੋਸ਼ੀ ਹੈ, ਨੇ ਮੁੱਖ ਦੋਸ਼ੀ ਦੇ ਇਸ ਦਾਅਵੇ ਨੂੰ ਗਲਤ ਕਿਹਾ ਹੈ ਕਿ ਬੱਚੀ ਦੀ ਮੌਤ ਕੂਲਰ ਦਾ ਕਰੰਟ ਲੱਗਣ ਨਾਲ ਹੋਈ ਹੈ। ਜਾਂਚ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਪੁਜਾਰੀ ਪੋਰਨ ਫਿਲਮਾਂ ਦੇਖਣ ਦਾ ਆਦੀ ਸੀ ਤੇ ਉਹ ਬੱਚੀ ਕੋਲੋਂ ਆਪਣੀ ਮਾਲਿਸ਼ ਵੀ ਕਰਵਾਉਂਦਾ ਸੀ। ਵਰਨਣ ਯੋਗ ਹੈ ਕਿ ਪੀੜਤ ਬੱਚੀ ਦੇ ਮਾਂ-ਬਾਪ ਨੇ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਦਲ (ਐਸ ਆਈ ਟੀ) ਬਣਾਉਣ ਦੀ ਅਪੀਲ ਕੀਤੀ ਸੀ। ਜਸਟਿਸ ਯੋਗੇਸ਼ ਖੰਨਾ ਨੇ ਇਸ ਉੱਤੇ ਸੁਣਵਾਈ ਕਰਦਿਆਂ ਪੁਲਸ ਨੂੰ 8 ਨਵੰਬਰ ਤੋਂ ਪਹਿਲਾਂ ਜਾਂਚ ਰਿਪੋਰਟ ਜਮ੍ਹਾ ਕਰਵਾਉਣ ਦਾ ਹੁਕਮ ਦਿੱਤਾ ਹੈ।

WORK MATCH INC.

ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677

info@worksmatch.com

www.worksmatch.com

jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:

* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ

* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

80 West Drive, Brampton

Apply In Person to complete application in the Shipping Department

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY


ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੈਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।


# ਚੀਤਿਆਂ ਦਾ ਪਹਿਲਾ ਪਰਿਵਾਰ ਦੱਖਣੀ ਅਫਰੀਕਾ ਤੋਂ ਭਾਰਤ ਨੂੰ ਨਵੰਬਰ ਤਕ ਆਏਗਾ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਭਾਰਤ ਤੋਂ ਕਰੀਬ 73 ਸਾਲ ਪਹਿਲਾਂ ਗਾਇਬ ਹੋ ਚੁੱਕੇ ਚੀਤਿਆਂ ਨੂੰ ਇੱਕ ਵਾਰ ਫਿਰ ਵਸਾਉਣ ਦੀ ਕੋਸ਼ਿਸ਼ ਸਿਰੇ ਲੱਗਣ ਵਾਲੀ ਹੈ। ਦੱਖਣੀ ਅਫਰੀਕਾ ਤੋਂ ਚੀਤਿਆਂ ਦਾ ਪਹਿਲਾ ਪਰਵਾਰ ਨਵੰਬਰ ਵਿੱਚ ਭਾਰਤ ਆ ਜਾਏਗਾ। ਇਨ੍ਹਾਂ ਵਿੱਚ ਨਰ ਅਤੇ ਮਾਦਾ ਮਿਲਾ ਕੇ 10 ਤੋਂ 12 ਚੀਤੇ ਹੋਣਗੇ।



ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਚੀਤਿਆਂ ਦਾ ਪਹਿਲਾ ਟਿਕਾਣਾ ਮੱਧ ਪ੍ਰਦੇਸ਼ ਦਾ ਕੂਨੋ-ਪਾਲਪੁਰ ਚਿੜੀਆ-ਘਰ ਹੋਵੇਗਾ। ਇਸ ਦੇ ਨਾਲ ਭਾਰਤ ਜੰਗਲੀ ਜੀਵਾਂ ਦਾ ਪਹਿਲਾ ਵੱਡਾ ਟਿਕ-ਾਣਾ ਹੋਵੇਗਾ, ਜਿੱਥੇ ਬਿੱਗ ਕੈਟ ਨਸਲ ਦੇ ਚਾਰ ਵੱਡੇ ਜਾਨਵਰ ਯਾਨੀ ਬੱਬਰ ਸ਼ੇਰ, ਚੀਤਾ, ਬਾਘ ਅਤੇ ਤੇਂਦੂਆ ਮਿਲਣਗੇ।ਦੱਖਣੀ ਅਫਰੀਕਾ ਦੇ ਪ੍ਰਸਿੱਧ ਚੀਤਾ ਮਾਹਰ ਵਿਨਸੈਂਟ ਵੈਨ-ਡੇਰ ਮੇਰਵੇ ਦੀ ਅਗਵਾਈ ਵਿੱਚ ਜੰਗਲੀ ਜੀਵ ਮਾਹਰਾਂ ਦੀ ਇੱਕ ਟੀਮ ਨੇ ਚੀਤਿਆਂ ਨੂੰ ਰੱਖੇ ਜਾਣ ਵਾਲੇ ਸਥਾਨ ਦਾ ਦੌਰਾ ਕੀਤਾ ਅਤੇ ਇਸ ਨਾਲ ਜੁੜੀਆਂ ਤਿਆਰੀਆਂ ਨੂੰ ਦੇਖਿਆ। ਇਸੇ ਲੜੀ ਵਿੱਚ ਭਾਰਤ ਦੇਜੰਗਲੀ ਜੀਵ ਮਾਹਰਾਂ ਅਤੇ ਅਧਿਕਾਰੀਆਂ ਦੀ ਇੱਕ ਟੀਮ ਸਤੰਬਰ ਵਿੱਚ ਦੱਖਣੀ ਅਫਰੀਕਾ ਅਤੇ ਨਾਮੀਬੀਆ ਦਾ ਦੌਰਾ ਕਰਨ ਵਾਲੀ ਹੈ ਤੇ ਚੀਤਿਆਂ ਦੀ ਸਾਂਭ-ਸੰਭਾਲ, ਖਾਣ ਪੀਣ, ਵਾਤਾਵਰਣ ਆਦਿ ਦੇਖੇਗਾ। ਦੱਸਣ ਯੋਗ ਹੈ ਕਿ ਇਸ ਵਾਰ ਦੇਸ਼ ਵਿੱਚ ਇਹ ਚੀਤੇ ਦੱਖਣੀ ਅਫਰੀਕਾ ਅਤੇ ਨਾਮੀਬੀਆ ਤੋਂ ਲਿਆਂਦੇ ਜਾ ਰਹੇ ਹਨ। ਇਸ ਤਹਿਤ ਅਗਲੇ ਤਿੰਨ ਸਾਲਾਂ ਵਿੱਚ 35 ਤੋਂ ਚਾਲੀ ਚੀਤਿਆਂ ਨੂੰ ਦੇਸ਼ ਵਿੱਚ ਵਸਾਉਣ ਦੀ ਤਿਆਰੀ ਹੈ। ਜੰਗਲੀ ਜੀਵ ਮਾਹਰਾਂ ਦੇ ਮੁਤਾਬਕ ਦੇਸ਼ ਵਿੱਚ ਚੀਤਿਆਂ ਨੂੰ ਫਿਰ ਵਸਾਉਣ ਦੇ ਲਈ ਇੰਦਰਾ ਗਾਂਧੀ ਨੇ 1977 ਵਿੱਚ ਕਾਫੀ ਕੋਸ਼ਿਸ਼ ਕੀਤੀ ਅਤੇ ਇਸ ਪ੍ਰੋਜੈਕਟ ਦੇ ਲਈ ਕੇਂਦਰ ਸਰਕਾਰ ਨੇ 35 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਫਿਲਹਾਲ ਇਸ ਦੀ ਵੱਡੀ ਕਿਸ਼ਤ ਮੱਧ ਪ੍ਰਦੇਸ਼ ਦੇ ਕੂਨੋ-ਪਾਲਪੁਰ ਚਿੜੀਆ-ਘਰ ਨੂੰ ਚੀਤਿਆਂ ਲਈ ਤਿਆਰ ਕਰਨ ਵਾਸਤੇ ਦਿੱਤੀ ਗਈ ਹੈ। ਇਸ ਦੌਰਾਨ ਉਥੇ ਚੀਤਿਆਂ ਲਈ ਵੱਡੇ-ਵੱਡੇ ਵਾੜੇ ਬਣਾਏ ਜਾ ਰਹੇ ਹਨ। ਸ਼ੁਰੂ ਵਿੱਚ ਇਨ੍ਹਾਂ ਨੂੰ ਇਨ੍ਹਾਂ ਵਾੜਿਆਂ ਵਿੱਚ ਰੱਖਿਆ ਜਾਵੇਗਾ। ਦੇਸ਼ ਵਿੱਚ ਚੀਤਿਆਂ ਨੂੰ ਵਸਾਉਣ ਦੇ ਪ੍ਰੋਜੈਕਟ ਨਾਲ ਜੁੜੇ ਅਤੇ ਭਾਰਤੀ ਜੰਗਲੀ ਜੀਵ ਸੰਸਥਾ ਦੇ ਸੀਨੀਅਰ ਵਿਗਿਆਨੀ ਡਾਕਟਰ ਝਾਲਾ ਨੇ ਦੱਸਿਆ ਕਿ ਚੀਤਿਆਂ ਨੂੰ ਜਹਾਜ਼ ਰਾਹੀਂ ਲਿਆਂਦਾ ਜਾਵੇਗਾ। ਅੰਤਰਰਾਸ਼ਟਰੀ ਕਾਰਵਾਈਆਂ ਲਗਭਗ ਪੂਰੀਆਂ ਹੋ ਗਈਆਂ ਹਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



WWW.KULWINDERCHHINA.COM



KULWINDERCHHINA
BROKER
647.293.2327






Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲੈਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ




416.230.4000 • 647.409.1092
www.STARLANEPAINTING.com






For more info Call 905-793-2202 or e-mail ads@punjabipost.ca

905-793-2202





## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010


## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton


## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।


WORK MATCH INC.
## ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

